


Namdhari Elibrary NamdhariElibrary@gmail.com

# ਔਰੰਗਾਬਾਦ ਮਹਾਰਾਸ਼ਟਰ ਪ੍ਰਦੇਸ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ



ਪੰਡਿਤ ਹਰਭਜਨ ਸਿੰਘ ਜੀ
ਪ੍ਰਵਚਨ ਕਰਦੇ ਹੋਏ।



ਜਥੇਦਾਰ ਅਵਤਾਰ ਸਿੰਘ ਜੀ,
ਜਥੇਦਾਰ ਪਾਲਾ ਸਿੰਘ ਜੀ ਦਾ
ਦੀਵਾਨ ਕੀਰਤਨ।



ਪੁਣੇ ਦੇ ਪਾਂਡਵ ਬੰਧੂਆਂ ਦਾ
ਯੁਗਲਬੰਦੀ ਕੀਰਤਨ।

Namdhari Elibrary NamdhariElibrary@gmail.com

# ਵਰਿਆਮ

ਅਪ੍ਰੈਲ -੨੦੧੧
ਜਿਲਦ-੩੬
ਅੰਕ- ੬

**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

email: wariammonthly@gmail.com


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੯੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੧੧ ਐਡੀਟਰਜ਼, ਮਿਤੀ ੩-੩-੧੧ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ........ ੨
ਭਾਵਨਾਵਾਂ ਦੇ ਵੇਗ ਸਾਹਵੇਂ....
*—ਡਾ. ਸੁਰਿੰਦਰ ਮੰਡ* ........ ੫
ਸਭਰਾਵਾਂ ਦੇ ਮੈਦਾਨ ਤੋਂ ਰੰਗਨ ਦੇ ਬੰਗਲੇ ਤੱਕ ਬਾਬਾ ਦਰਬਾਰਾ ਸਿੰਘ ਰਾਇਪੁਰ
*—ਸੁਵਰਨ ਸਿੰਘ ਵਿਰਕ* ........ ੯
ਦਿੱਲੀ ਦੇ ਖੰਡਰਾਂ ਵਿਚ ਕੂਕਾ ਲਹਿਰ ਦੀ ਗੂੰਜ
*—ਗੁਲਜ਼ਾਰ ਸਿੰਘ ਸੰਧੂ* ........ ੧੭
ਆਜ਼ਾਦੀ ਸੰਗਰਾਮ ਵਿਚ ਅਪ੍ਰੈਲ ਦਾ ਮਹੀਨਾ
*-ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ* ........ ੧੮
ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ
*—ਸਵਾਮੀ ਬ੍ਰਹਮਦੇਵ 'ਉਦਾਸੀ'* ........ ੨੦
ਵਿਸਾਖੀ *—ਪ੍ਰੋ. ਜਸਵੰਤ ਸਿੰਘ ਕੈਲਵੀ* ........ ੨੩
ਵਿਸਾਖੀ *—ਰਾਜਿੰਦਰ ਪਰਦੇਸੀ* ........ ੨੩
ਦੋ ਗ਼ਜ਼ਲਾਂ *—ਸੁਖਦੇਵ ਸਿੰਘ ਗਰੇਵਾਲ* ........ ੨੪
ਦੋ ਗ਼ਜ਼ਲਾਂ *—ਤ੍ਰੈਲੋਚਨ 'ਲੋਚੀ'* ........ ੨੪
ਦੋ ਗ਼ਜ਼ਲਾਂ *—ਪ੍ਰਿੰ. ਕਰਤਾਰ ਸਿੰਘ ਕਾਲੜਾ* ........ ੨੫
ਗੱਲ ਪੰਜਾਬ ਦੇ ਪਾਣੀ ਦੀ
*—ਡੀ. ਆਰ ਧਵਨ* ........ ੨੫
ਜਾਨ ਪਾਈ ਹੈ ਦੇਸ਼ ਦੀ ਜਾਨ ਖ਼ਾਤਰ
*—ਫਕੀਰਚੰਦ ਜਲੰਧਰੀ (ਤੁਲੀ)* ........ ੨੬
ਦੋ ਕਵਿਤਾਵਾਂ *—ਡਾ. ਹਰਨੇਕ ਸਿੰਘ ਕੋਮਲ*
ਸੁਰ-ਸ਼ਰਧਾਂਜਲੀ *—ਪੰਡਿਤ ਭੀਮ ਸੈਨ ਜੋਸ਼ੀ*
*—ਪ੍ਰੋ. ਕੁਲਵਿੰਦਰ ਦੀਪ ਕੌਰ* ........ ੨੯
ਸ਼ਰਧਾਲੂ ਗੁਰਸਿੱਖ ਸੰਤ ਬਚਨ ਸਿੰਘ ਜੀ
*—ਸੰਤ ਸਿੰਘ* ........ ੩੦
ਦਾਰ ਜੀ-ਸਾਡੇ ਵੇਹੜੇ
*—ਸਾਧੂ ਸਿੰਘ ਕਿਸਾਨ* ........ ੩੩
ਚਰਨ ਸੀਚੇਵਾਲਵੀ ਦਾ 'ਸੱਚੇ ਪਾਤਸ਼ਾਹ'
*-ਸੁਵਰਨ ਸਿੰਘ ਵਿਰਕ* ........ ੩੫
ਖ਼ਬਰਨਾਮਾ ........ ੩੭
ਪ੍ਰਤੀਕਿਰਿਆ ........ ੪੪





Namdhari Elibrary NamdhariElibrary@gmail.com

# ਸਿੱਖਾਂ ਦੀ ਪੱਗ

ਸਿੱਖਾਂ ਦੀ ਪੱਗ ਦੇ ਸਬੰਧ ਵਿਚ ਹਰ ਰੋਜ਼ ਕੋਈ ਨਾ ਕੋਈ ਖ਼ਬਰ ਆਉਂਦੀ ਰਹਿੰਦੀ ਹੈ। ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਦੁਨੀਆ ਵਿਚ ਬਹੁਤ ਸਾਰੇ ਲੋਕ ਹਨ ਜੋ ਸਿਰ ਤੇ ਪੱਗ ਬੰਨ੍ਹਦੇ ਹਨ। ਪੱਗ (ਜਾਂ ਦਸਤਾਰ) ਸਿਰ ਢੱਕਣ ਵਾਲਾ ਕੱਪੜਾ ਵੀ ਹੈ ਅਤੇ ਸ਼ਾਨ ਅਤੇ ਸਤਿਕਾਰ ਦੀ ਨਿਸ਼ਾਨੀ ਵੀ ਹੈ। ਪੁਰਾਣੇ ਸਮਿਆਂ ਤੋਂ ਵੱਡੇ ਆਦਮੀਆਂ ਰਾਜੇ ਮਹਾਰਾਜਿਆਂ ਨੂੰ ਇੱਜ਼ਤ ਮਾਨ ਅਤੇ ਰੁਤਬੇ ਵਾਸਤੇ ਦਸਤਾਰਾਂ ਅਰਪਿਤ ਕੀਤੀਆਂ ਜਾਂਦੀਆਂ ਰਹੀਆਂ ਹਨ। ਇਤਿਹਾਸ ਦੇ ਪ੍ਰਮੁੱਖ ਪਾਤਰ ਵਿਰੋਧੀ ਧਿਰਾਂ ਵਿਚ ਹੋਣ ਦੇ ਬਾਵਜੂਦ ਦਸਤਾਰਾਂ ਸਜਾਉਂਦੇ ਰਹੇ ਹਨ। ਪੱਗ ਵੱਟ ਭਰਾ ਹੋਣਾ ਬਹੁਤ ਹੀ ਨਿਕਟ ਸਬੰਧਾਂ ਦਾ ਪ੍ਰਤੀਕ ਅਤੇ ਮਾਣ ਵਾਲੀ ਗੱਲ ਹੈ। ਇਹ ਗੱਲ ਸਭਿਆਚਾਰ ਨਾਲ ਤੁਅਲਕ ਰੱਖਦੀ ਹੈ। ਜੋ ਇਹ ਸਭਿਆਚਾਰਕ ਅਰਥ ਨਹੀਂ ਸਮਝਦੇ ਉਹਨਾਂ ਵਾਸਤੇ ਇਹ ਇਕ ਕੱਪੜੇ ਦਾ ਟੁੱਕੜਾ, ਮਹਿਜ਼ ਲੀਰ ਹੀ ਹੁੰਦੀ ਹੈ। ਏਸ਼ੀਆ ਦੇ ਭਾਰਤ ਅਰਬ ਅਤੇ ਕੁਝ ਹੋਰ ਮੁਲਕਾਂ ਵਿਚ ਇਸ ਦੇ ਅਰਥ ਬਹੁਤ ਹਨ ਪਰ ਯੂਰਪ ਅਤੇ ਪਛਮੀ ਦੇਸ਼ਾਂ ਵਿਚ ਪੱਗ ਦੇ ਅਰਥ ਹੈ ਹੀ ਨਹੀਂ।

ਬਹੁਤ ਸਾਰੇ ਲੋਕਾਂ ਨੇ ਸਮੇਂ ਦੇ ਗੇੜ ਵਿਚ ਪੱਛਮੀ ਦੇਸ਼ਾਂ ਵਿਚ ਜਾ ਜੜ੍ਹਾਂ ਗੱਡੀਆਂ ਹਨ ਅਤੇ ਉਥੇ ਨਿਤ ਨਵੇਂ ਧਾਰਮਕ ਅਤੇ ਸੱਭਿਆਚਾਰਕ ਮਸਲੇ ਖੜ੍ਹੇ ਹੁੰਦੇ ਰਹੇ ਹਨ। ਇਸ ਵਿਚ ਪਗੜੀ ਦਾ ਮਸਲਾ ਵੀ ਅਜਿਹਾ ਹੀ ਹੈ। ਸਿੱਖਾਂ ਵਾਸਤੇ ਇਹ ਮਸਲਾ ਦੂਸਰਿਆਂ ਨਾਲੋਂ ਜ਼ਿਆਦਾ ਗੰਭੀਰ ਹੈ ਕਿਉਂਕਿ ਪਗੜੀ ਨੂੰ ਇਹ ਇਕ ਧਾਰਮਿਕ ਮਾਨਤਾ ਵਜੋਂ ਵੀ ਲੈਂਦੇ ਹਨ ਅਤੇ ਇਸ ਮਾਮਲੇ ਵਿਚ ਇਹ ਭਾਵੁਕ ਵੀ ਜ਼ਿਆਦਾ ਹਨ। ਇੰਗਲੈਂਡ ਅਤੇ ਕੈਨੇਡਾ ਵਿਚ ਸਿੱਖ ਪਹੁੰਚ ਵੀ ਭਾਰੀ ਗਿਣਤੀ ਵਿਚ ਗਏ ਹਨ। ਉਥੇ ਪਗੜੀ ਸਬੰਧੀ ਮਸਲਿਆਂ ਤੇ ਕਈ ਜੱਦੋ ਜਹਿਦਾਂ ਵੀ ਹੋਈਆਂ ਹਨ ਅਤੇ ਸਫਲਤਾਵਾਂ ਵੀ ਮਿਲੀਆਂ ਹਨ। ਪਰ ਉਥੇ ਵੀ ਕਿਸੇ ਨਾ ਕਿਸੇ ਬਹਾਨੇ ਕੋਈ ਮਸਲਾ ਮੁੜ-ਮੁੜ ਖੜ੍ਹਾ ਹੋ ਹੀ ਜਾਂਦਾ ਹੈ। ਇਹ ਮਸਲਾ ਅਸਲ ਵਿਚ ਆਰਥਕ ਹੀ ਹੁੰਦਾ ਹੈ ਭਾਵੇਂ ਬਾਹਰੋਂ ਧਾਰਮਿਕ ਦਿਸਦਾ ਹੋਵੇ। ਸਿੱਖ ਭਾਈਚਾਰੇ ਨੇ ਆਰਥਿਕ ਤੌਰ ਤੇ ਆਪਣੇ ਆਪ ਨੂੰ ਸਥਾਪਤ ਕੀਤਾ ਹੈ। ਜ਼ਮੀਨਾਂ, ਜਾਇਦਾਦਾਂ ਖਰੀਦੀਆਂ ਹਨ। ਸਿਆਸਤ ਵਿਚ ਵੀ ਅੱਗੇ ਵੱਧ ਰਹੇ ਹਨ। ਇਹ ਗੱਲਾਂ ਉਥੋਂ ਦੇ ਆਦਿ ਵਾਸੀਆਂ ਨੂੰ ਚਿੜ੍ਹਾਉਂਦੀਆਂ ਹਨ। ਇਹ ਚਿੜ੍ਹ ਕਈ ਰੂਪਾਂ ਵਿਚ ਨਿਕਲਦੀ ਹੈ। ਏਸ਼ੀਆ ਦੇ ਵੱਡੇ ਭਾਗ ਤੇ ਗੋਰੇ ਹਾਕਮਾਂ ਨੇ ਰਾਜ ਕੀਤਾ ਹੈ। ਇਸ ਦਾ ਖਮਿਆਜ਼ਾ ਰਾਜ ਕਰਨ ਵਾਲਿਆਂ ਨੂੰ ਆਪਣੇ ਮੁਲਕਾਂ ਵਿਚ ਤਾਂ ਭੁਗਤਣਾ ਪੈ ਹੀ ਰਿਹਾ ਹੈ। ਉਸੇ ਦੇ ਪ੍ਰਤੀਕਰਮ ਵਿਚੋਂ ਵੀ ਇਹ ਮਾੜੀਆਂ ਖਬਰਾਂ ਨਿਕਲ ਰਹੀਆਂ ਹਨ। ...ਅਮਰੀਕਾ ਵਿਚ ਸੈਰ ਕਰ ਰਹੇ ਦੋ ਸਿੱਖਾਂ ਵਿਚੋਂ ਇਕ ਨੂੰ ਮਾਰ ਦਿੱਤਾ ਗਿਆ ਦੂਜਾ ਜਖ਼ਮੀ ਕਰ ਦਿੱਤਾ ਹੈ... ਇੰਗਲੈਂਡ ਦੇ ਹਵਾਈ ਅੱਡੇ ਤੇ ਦਸਤਾਰ ਦੀ ਤਲਾਸ਼ੀ ਮੁੜ ਸ਼ੁਰੂ... ਇਟਲੀ ਦੇ ਹਵਾਈ ਅੱਡੇ ਤੇ ਉਤਾਰੀਆਂ ਜਾ ਰਹੀਆਂ ਹਨ ਪੱਗਾਂ... ਉਂਝ ਇਟਲੀ ਦੇ ਪ੍ਰਧਾਨ ਮੰਤਰੀ ਬਾਰੇ ਖਬਰ ਹੈ ਕਿ ਉਹਦੇ ਉਤੇ ਕਿਸੇ ਨਾਬਾਲਗ ਨਾਲ ਬਲਾਤਕਾਰ ਜਾਂ ਸੈਕਸ ਸ਼ੋਸ਼ਨ ਦਾ ਮੁਕੱਦਮਾ ਚੱਲਣ ਵਾਲਾ ਹੈ। ਇਹ ਖ਼ਬਰਾਂ ਦਸਦੀਆਂ ਹਨ ਕਿ ਉਹਨਾਂ ਵਾਸਤੇ ਸਭਿਆਚਾਰ ਜਾਂ ਸਦਾਚਾਰ ਦੇ ਮਾਪਦੰਡ ਹੀ ਹੋਰ ਹਨ। ਇਹ ਦੋ ਸਭਿਅਤਾਵਾਂ ਦਾ ਵੱਖਰੇਵਾਂ ਹੈ।

ਇਟਲੀ ਤੋਂ ਹੀ ਹੁਣ ਖ਼ਬਰਾਂ ਆਈਆਂ ਹਨ ਕਿ ਪ੍ਰਸਿੱਧ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਦੀ ਤਲਾਸ਼ੀ ਪੱਗ ਲੁਹਾ ਕੇ ਕੀਤੀ ਗਈ। ਜੀਵ ਮਿਲਖਾ ਸਿੰਘ 'ਉਡਣੇ ਸਿੱਖ' ਮਿਲਖਾ ਸਿੰਘ ਦਾ ਸਪੁੱਤਰ ਅਤੇ ਸੰਸਾਰ ਪ੍ਰਸਿੱਧ ਗੋਲਫ ਖ਼ਿਡਾਰੀ ਹੈ। ਉਸ ਦੇ ਕੋਚ ਦੀ ਦੋ ਵਾਰ ਇਕੋ ਅੱਡੇ ਤੇ ਪਗੜੀ ਉਤਾਰ ਕੇ ਤਲਾਸ਼ੀ ਲਈ ਗਈ। ਅੱਜ ਕੱਲ ਸਾਇੰਸ ਨੇ ਐਸੇ ਯੰਤਰ ਬਣਾ ਦਿੱਤੇ ਜਿਹੜੇ ਕੱਪੜੇ ਦੇ ਵਿਚੋਂ ਵੀ ਵਸਤੂ ਦਾ ਪਤਾ ਲਾ ਦਿੰਦੇ ਹਨ ਪਰ ਇਟਲੀ ਦੇ ਮਿਲਾਨ ਅੱਡੇ ਤੇ ਵਾਪਰਦੀਆਂ ਇਹ ਘਟਨਾਵਾਂ ਚਿੜ੍ਹ ਦਾ ਮਸਲਾ ਹੀ ਲਗਦੀਆਂ ਹਨ।



Namdhari Elibrary NamdhariElibrary@gmail.com

ਇਸ ਬਾਰੇ ਕਾਫੀ ਰੌਲਾ ਪਿਆ ਹੈ। ਭਾਰਤ ਦੇ ਵਿਦੇਸ਼ ਮੰਤਰੀ ਨੇ ਪਾਰਲੀਮੈਂਟ ਵਿਚ ਵੀ ਇਸ ਬਾਰੇ ਬਿਆਨ ਦਿੱਤਾ ਹੈ। ਅਕਾਲੀ ਸੰਸਦ ਮੈਂਬਰਾਂ ਵੱਲੋਂ ਇਟਲੀ ਦੇ ਰਾਜਦੂਤ ਨੂੰ ਰੋਸ ਪੱਤਰ ਵੀ ਸੌਂਪਿਆ ਗਿਆ ਹੈ ਅਤੇ ਇਟਲੀ ਦੇ ਰਾਜਦੂਤ ਨੇ ਸਿੱਖ ਆਗੂਆਂ ਨੂੰ ਭਰੋਸਾ ਦਿੱਤਾ ਹੈ ਕਿ ਇਸ ਘਟਨਾ ਦੀ ਜਾਂਚ ਹੋਵੇਗੀ।

ਅਗੋਂ ਜੋ ਹੋਵੇਗਾ ਸੋ ਹੋਵੇਗਾ ਪਰ ਇਕ ਵਾਰ ਤਾਂ ਜੋ ਹੋਇਆ ਹੈ ਉਹ ਮਾਨਵੀ ਅਧਿਕਾਰਾਂ ਦਾ ਘਾਣ ਹੈ।

ਇਸ ਦੇ ਨਾਲ ਹੀ ਅਸੀਂ ਇਹ ਗਲ ਵੀ ਕਹਿਣੀ ਚਾਹਾਂਗੇ ਕਿ ਜਦੋਂ ਸਿੱਖ ਆਪ ਹੀ ਆਪਣੇ ਵਾਲ ਸਾਫ ਕਰਵਾ ਕੇ ਖੁਸ਼ੀ ਨਾਲ ਬਗੈਰ ਪੱਗੜੀ ਦੇ ਭਾਰਤ ਵਿਚ ਅਤੇ ਵਿਦੇਸ਼ਾਂ ਵਿਚ ਵਿਚਰਣ ਤਾਂ ਆਪਣਾ ਕੇਸ ਆਪ ਖਰਾਬ ਕਰਨ ਵਾਲੀ ਗੱਲ ਹੀ ਹੈ। ਜੀਵ ਮਿਲਖਾ ਸਿੰਘ ਦੇ ਆਪਣੇ ਸਿਰ ਤੇ ਪੂਰੇ ਕੇਸ ਨਹੀਂ ਹਨ ਤਾਂ ਉਸ ਦੇ ਕੋਚ ਵੀ ਪੱਗ ਲਾਹੁਣ ਦਾ ਬਹਾਨਾ ਤਾਂ ਬਣ ਹੀ ਜਾਂਦਾ ਹੈ। ਉਂਝ ਚੰਗਾ ਹੋਇਆ ਕਿ ਇਸ ਮਸਲੇ ਤੇ ਸਿੱਖਾਂ ਅਤੇ ਸਰਕਾਰ ਦੇ ਵਿਚਾਰਾਂ ਵਿਚ ਜਾਗ੍ਰਿਤੀ ਆਈ ਹੈ। ਇਸ ਜਾਗ੍ਰਿਤੀ ਵਿਚ ਸਿੱਖ ਨੌਜਵਾਨ ਨੂੰ ਵੀ ਆਪਣੇ ਕਿਰਦਾਰ ਅਤੇ ਵਿਹਾਰ ਵਿਚ ਸੁਧਾਰ ਲਿਆਉਣ ਤਾਂ ਮਸਲਾ ਸੌਖਾ ਹੋ ਜਾਵੇਗਾ।

## ਜਾਪਾਨ ਵਿਚ ਪਰਲੋ

੧੧ ਮਾਰਚ ਨੂੰ ਦੁਨੀਆ ਦੇ ਖੁਸ਼ਹਾਲ ਏਸ਼ੀਅਨ ਮੁਲਕ ਜਾਪਾਨ ਵਿਚ ਕੁਦਰਤ ਨੇ ਸਖਤ ਕਹਿਰ ਵਰਤਾਇਆ ਹੈ। ਜ਼ਮੀਨੀ ਭੂਚਾਲ ਦੇ ਨਾਲ ਸਮੁੰਦਰੀ ਭੂਚਾਲ ਸੁਨਾਮੀ ਕਾਰਨ ੩੩ ਫੁੱਟ ਉਚੀਆਂ ਲਹਿਰਾਂ ਨੇ ਜਾਪਾਨ ਵਿਚ ਜਹਾਜ਼ਾਂ ਕਾਰਾਂ ਨੂੰ ਉਲਟ ਪੁਲਟ ਕੇ ਰੱਖ ਦਿੱਤਾ। ਐਟਮੀ ਰਿਐਕਟਰਾਂ 'ਚ ਵੀ ਧਮਾਕੇ ਹੋਏ ਹਨ। ਸ਼ੁਰੂ 'ਚ ਲੋਕਾਂ ਦੀ ਮਰਨ ਗਿਣਤੀ ਇਕ ਹਜ਼ਾਰ ਤੋਂ ੧੦ ਹਜ਼ਾਰ ਤੱਕ ਹੁੰਦੀ ਹੁੰਦੀ ਹੁਣ ਅਨਗਿਣਤ ਹੋ ਗਈ ਹੈ। ਖ਼ਬਰਾਂ ਦਸਦੀਆਂ ਹਨ ਕਿ ੧੪੦ ਸਾਲਾਂ 'ਚ ਇਹ ਸਭ ਤੋਂ ਵੱਡਾ ਭੂਚਾਲ ਹੈ। ਇਕ ਪ੍ਰਕਾਰ ਦੀ ਪਰਲੋ ਹੀ ਹੈ। ਇੰਡੋਨੇਸ਼ੀਆ ਅਤੇ ਅਮਰੀਕਾ ਤੱਕ ਵੀ ਇਸ ਸੁਨਾਮੀ ਦੀ ਲਪੇਟ ਵਿਚ ਆਏ। ਲੱਗਦਾ ਸੀ ਜਿਵੇਂ ਕੁਦਰਤ ਨੇ ਧਰਤੀ ਉਲਟਾ ਦਿੱਤੀ ਹੋਵੇ। ਜਾਂ ਸਹੀ ਸ਼ਬਦਾਂ ਵਿਚ ਸਮੁੰਦਰ ਉਲਟਾ ਕਰ ਦਿੱਤਾ ਹੋਵੇ। ਜਾਪਾਨ ਨਾਲ ਅਨਹੋਣੀਆਂ ਵਾਪਰਦੀਆਂ ਰਹੀਆਂ ਹਨ। ਦੂਜੇ ਸੰਸਾਰ ਯੁੱਧ ਦਾ ਖਾਤਮਾ ਤੱਦ ਹੋਇਆ ਜਦੋਂ ਅਮਰੀਕਾ ਨੇ ਜਾਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਉਤੋੜਿਤੀ ਦੋ ਐਟਮ ਬੰਬ ਸੁੱਟੇ ਜਿਸ ਨਾਲ ਏਨੀ ਗਰਮੀ ਅਤੇ ਰੇਡੀਏਸ਼ਨ ਫੈਲੀ ਕਿ ਸਭ ਕੁਝ ਤਬਾਹ ਹੋ ਗਿਆ। ਲੱਖਾਂ ਲੋਕ ਤਾਂ ਮਰੇ ਹੀ ਜੋ ਬੱਚ ਗਏ ਉਹ ਮਰਿਆਂ ਤੋਂ ਵੀ ਮਾੜੇ ਹੋ ਗਏ। ਬਿਰਖ ਪੱਤੇ ਸਭ ਕੁੱਝ ਤਬਾਹ... ਹੁਣ ਮੁੜ ਜਾਪਾਨ ਸੁਨਾਮੀ ਦੀ ਜਕੜ ਵਿਚ ਹੈ ਅਤੇ ਹੀਰੋਸ਼ਾਮਾ ਤੇ ਨਾਗਾਸਾਕੀ ਐਟਮੀ ਹਮਲੇ ਵਰਗਾ ਹਾਲ ਹੈ ਅਤੇ ਨਿਤ ਐਟਮੀ ਰੇਡੀਏਸ਼ਨ ਦੇ ਸਹਿਮ ਨਾਲ ਮਰ ਰਿਹਾ ਹੈ।

ਇਹ ਸਭ ਕੁਝ ਵਿਗਿਆਨ ਦੀ ਤਰੱਕੀ ਦਾ ਦੂਸਰਾ ਪਾਸਾ ਹੈ। ਵਿਗਿਆਨ ਨੇ ਮਨੁੱਖ ਨੂੰ ਬਹੁਤ ਸ਼ਕਤੀਆਂ ਦਿੱਤੀਆਂ ਹਨ ਪਰ ਅਜਿਹੀਆਂ ਸੁਨਾਮੀਆਂ ਅਤੇ ਭੂਚਾਲ ਇਹ ਸਾਬਤ ਕਰਦੇ ਹਨ ਕਿ ਅਜੇ ਵੀ ਮਨੁੱਖ ਕੁਦਰਤ ਦੇ ਅੱਗੇ ਬਹੁਤ ਬੌਣਾ ਹੈ। ਇਹ ਦੁਰਘਟਨਾ ਚੱਕਰ ਮਾਨਵ ਦੇ ਗ਼ਰੂਰ ਨੂੰ ਚਕਣਾ ਚੂਰ ਕਰਨ ਵਾਲੀਆਂ ਘਟਨਾਵਾਂ ਹਨ। ਕੁਦਰਤ ਸਰਬ ਸ਼ਕਤੀਮਾਨ ਹੈ। ਅਣਦਿਸਦੀ ਸ਼ਕਤੀ ਨੇ ਕਹਿਰ ਵਰਤਾਇਆ ਹੈ। ਏਸ ਤੋਂ ਸੁਰੱਖਿਆ ਵੀ ਅਣਦਿਸਦੀ ਸ਼ਕਤੀ ਨੇ ਹੀ ਕਰਣੀ ਹੈ। ਜਿਸ ਅਣਦਿਸਦੀ ਸਰਬ ਸ਼ਕਤੀਮਾਨ ਹਸਤੀ ਨੇ ਸੰਸਾਰ ਦੀ ਰਚਨਾ ਕੀਤੀ ਹੈ। ਉਸ ਨੇ ਇਸ ਦੀ ਪਾਲਣਾ ਵੀ ਕਰਨੀ ਹੈ ਅਤੇ ਸੁਰੱਖਿਆ ਵੀ ਕਰਨੀ ਹੈ। ਉਸ ਦੇ ਅੱਗੇ ਹੀ ਸਾਡੀ ਅਰਦਾਸ ਹੈ। ਜਾਪਾਨ ਦੇਸ਼ ਦੇ ਵਾਸੀਆਂ ਪੀੜਤ ਪਰਿਵਾਰਾਂ ਨਾਲ ਸਾਡੀ ਦਿਲੀ ਹਮਦਰਦੀ ਹੈ। ਅਕਾਲ ਪੁਰਖ ਦੀ ਸ਼ਕਤੀ ਉਜੜੇ ਪੁਜੜੇ ਪਰਿਵਾਰਾਂ ਨੂੰ ਸੰਭਲਣ ਦਾ ਅਵਸਰ ਦੇਵੇ।


Namdhari Elibrary NamdhariElibrary@gmail.com

## ਭਾਰਤ ਪਾਕਿ ਕ੍ਰਿਕਟ ਮੈਚ

੧੭ ਫਰਵਰੀ ੨੦੧੧ ਤੋਂ ਬੰਗਲਾਦੇਸ਼ ਦੇ ਸ਼ਹਿਰ ਢਾਕਾ ਵਿਚ ਸ਼ਾਨਦਾਰ ਉਦਘਾਟਨੀ ਸਮਾਰੋਹ ਨਾਲ ਸ਼ੁਰੂ ਹੋਇਆ ਕ੍ਰਿਕਟ ਸੰਸਰ ਕੱਪ ਮੁਕਾਬਲਾ ਦਿਲਚਸਪ ਦੌਰ ਵਿਚ ਪੁੱਜ ਗਿਆ ਹੈ। ਬਹੁਤ-ਵੱਡੇ ਛੋਟੇ ਉਲਟ ਫੇਰਾਂ ਬਾਅਦ ਆਖਰੀ ਦੌਰ ਵਿਚ ਹੁਣ ਦੋ ਸੈਮੀਫਾਈਨਲ ਮੈਚਾਂ ਬਾਦ ਵਿਸ਼ਵ ਕੱਪ ਦੇ ਜੇਤੂ ਦਾ ਫੈਸਲਾ ਹੋ ਜਾਣਾ ਹੈ। ਭਾਰਤ ਵੀ ਆਸਟਰੇਲੀਆ ਵਰਗੀਆਂ ਭਾਰੀ ਭਰਕਮ ਟੀਮਾਂ ਨੂੰ ਪਛਾੜ ਕੇ ਹੁਣ ਸੈਮੀਫਾਈਨਲ ਵਿਚ ਪੁੱਜ ਗਿਆ ਹੈ। ਹੁਣ ੩੦ ਸਤੰਬਰ ਨੂੰ ਭਾਰਤ ਦੇ ਪੁਰਾਣੇ ਸ਼ਰੀਕ ਪਾਕਿਸਤਾਨ ਨਾਲ ਮੈਚ ਤਾਂ ਸੈਮੀਫਾਈਨਲ ਹੋਵੇਗਾ ਪਰ ਇਸ ਦੀ ਮਹੱਤਤਾ ਫਾਈਨਲ ਵਰਗੀ ਹੈ। ਦੋਹਾਂ ਦੇਸ਼ਾਂ ਵਿਚ ਮੈਚ ਬਹੁਤ ਉਤੇਜਣਾ ਭਰਪੂਰ ਅਤੇ ਕਰੜੇ ਸੰਘਰਸ਼ਸ਼ੀਲ ਹੁੰਦੇ ਹਨ। ਮੈਚ ਤਾਂ ਆਪਣੀ ਥਾਂ ਹੈ ਜਿਸ ਦਾ ਇੰਤਜ਼ਾਰ ਸਾਰੀ ਦੁਨੀਆਂ ਨੂੰ ਹੈ। ਮੁਹਾਲੀ ਪੰਜਾਬ ਵਿਚ ਹੋਣ ਵਾਲਾ ਮੁਕਾਬਲਾ ਅਜਿਹਾ ਹੈ ਜਿੱਥੇ ਟੂਰਨਾਮੈਂਟ ਵਿਚ ਪਾਕਿਸਤਾਨ ਪਹਿਲੀ ਵਾਰ ਭਾਰਤ ਵਿਚ ਖੇਲੇਗਾ। ਇਸ ਤੋਂ ਪਹਿਲਾਂ ਉਹ ਸਾਰੇ ਮੈਚ ਸ੍ਰੀਲੰਕਾ ਜਾਂ ਬੰਗਲਾਦੇਸ਼ ਵਿਚ ਖੇਲਿਆ ਹੈ। ਪਾਕਿਸਤਾਨ ਅਤੇ ਭਾਰਤ ਦੋਹਾਂ ਦੀਆਂ ਟੀਮਾਂ ਜ਼ਬਰਦਸਤ ਤਿਆਰੀ ਵਿਚ ਹਨ ਇਸ ਤਰ੍ਹਾਂ ਇਹ ਮੈਚ ਬਹੁਤ ਰੌਚਕਤਾ ਭਰਪੂਰ ਹੋਵੇਗਾ।

ਸੰਸਾਰ ਦੀਆਂ ਨਜ਼ਰਾਂ ਇਸ ਮੈਚ ਤੇ ਇਸ ਕਰਕੇ ਵੀ ਟਿਕੀਆਂ ਹੋਈਆਂ ਹਨ ਕਿਉਂਕਿ ਇਸ ਮੈਚ ਨੂੰ ਵੇਖਣ ਵਾਸਤੇ ਭਾਰਤ ਦੇ ਪ੍ਰਧਾਨ ਮੰਤਰੀ ਸ. ਮਨਮੋਹਣ ਸਿੰਘ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਸਾਹਿਬ ਵੀ ਸਰਦਾਰ ਜੀ ਦੇ ਸੱਦੇ ਤੇ ਆ ਰਹੇ ਹਨ। ਮੈਚ ਦੇ ਬਹਾਨੇ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚ ਗੱਲਬਾਤ ਕੋਈ ਥੋੜ੍ਹੇ ਬਾਲੇ ਸਾਰਥਕ ਸਿੱਟੇ ਕੱਢਦੀ ਹੈ ਤਾਂ ਲੰਬੇ ਸਮੇਂ ਤੋਂ ਕਮਜ਼ੋਰ ਪਏ ਰਿਸ਼ਤਿਆਂ ਨੂੰ ਬਲ ਮਿਲ ਸਕਦਾ ਹੈ। ਇਸ ਤਰ੍ਹਾਂ ਕ੍ਰਿਕਟ ਦਾ ਮੈਚ ਦੋ ਦੇਸ਼ਾਂ ਹੀ ਨਹੀਂ ਬਲਕਿ ਇਸ ਸਮੁੱਚੇ ਖੇਤਰ ਵਿਚ ਅਮਨ ਸ਼ਾਂਤੀ ਦੀ ਬਹਾਲੀ ਵਾਸਤੇ ਵੀ ਸਾਰਥਿਕ ਕਦਮ ਸਿੱਧ ਹੋ ਸਕੇਗਾ। ਇਸ ਦੀ ਉਮੀਦ ਅਤੇ ਅਰਦਾਸ ਕਰਨੀ ਚਾਹੀਦੀ ਹੈ।

## ਵਿਸਾਖੀ

ਵਿਸਾਖੀ ਖੁਸ਼ੀਆਂ ਖੇੜਿਆਂ ਅਤੇ ਭੰਗੜਿਆਂ ਦਾ ਤਿਉਹਾਰ ਦਾ ਤਿਉਹਾਰ ਹੈ। ਪੰਜਾਬੀ ਦੀ ਕਿਰਸਾਨੀ ਵਾਸਤੇ ਨਵੀਂ ਫਸਲ ਦੇ ਘਰ ਆਉਣ ਦਾ ਮੇਲਾ ਵੀ ਹੈ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਣ ਅਤੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਤ ਖਾਲਸੇ ਦੀ ਨੀਂਹ ਰਖਣ ਦਾ ਵੀ ਦਿਨ ਹੈ। ਇਹ ਜਲਿਆਂ ਵਾਲੇ ਬਾਗ ਸ੍ਰੀ ਅਮ੍ਰਿਤਸਰ ਵਿਚ ਖੂਨੀ ਵਿਸਾਖੀ ਦੀ ਯਾਦ ਦਾ ਵੀ ਦਿਨ ਹੈ। ਇਸ ਦਿਨ ਨਾਲ ਇਤਿਹਾਸ ਦਾ ਬਹੁਤ ਕੁਝ ਜੁੜਿਆ ਹੈ। ਇਹ ਖਾਲਸ ਪੰਜਾਬੀ ਤਿਉਹਾਰ ਹੈ। ਇਹ ਪੰਜਾਬੀ ਨਵੇਂ ਸਾਲ ਦਾ ਵੀ ਆਰੰਭ ਹੈ। ਵਰਿਆਮ ਦੇ ਪਾਠਕਾਂ ਨਵੇਂ ਸਾਲ ਦੀਆਂ ਸਫਲਤਾਵਾਂ ਵਾਸਤੇ ਅਸੀਂ ਅਰਾਦਸ ਕਰਦੇ ਹਾਂ।

## ਹੋਲੇ ਦਾ ਪੁਰਬ

ਰੰਗਾਂ ਦੇ ਪੁਰਬ ਹੋਲੀ ਨੂੰ ਗੁਰੂ ਸਾਹਿਬਾਨ ਨੇ ਸੰਤ ਸੇਵਾ ਅਤੇ ਅਧਿਆਤਮਕ ਰੰਗ ਵਿਚ ਬਦਲ ਕੇ ਹੋਲਾ ਬਣਾ ਦਿੱਤਾ। ਹੋਲਾ ਮਹੱਲਾ ਦੇ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਭੈਣੀ ਸਾਹਿਬ ਅਤੇ ਹੋਰ ਥਾਵਾਂ ਤੇ ਉਤਸ਼ਾਹ ਨਾਲ ਮਣਾਏ ਗਏ ਹਨ। ਇਹਨਾਂ ਸਮਾਗਮਾਂ ਮੇਲਿਆਂ ਦੀਆਂ ਖ਼ਬਰਾਂ ਵਿਸਥਾਰ ਸਹਿਤ ਛੱਪ ਰਹੀਆਂ ਹਨ। ਸੰਖੇਪ ਵਿਚ ਸ੍ਰੀ ਭੈਣੀ ਸਾਹਿਬ ਦੇ ਵਿਸ਼ਾਲ ਮੇਲੇ ਦਾ ਆਯੋਜਨ ਦੁਰਲਭ ਸੀ। ਸ੍ਰੀ ਭੈਣੀ ਸਾਹਿਬ ਦੀ ਅਤਿ ਅਲਧੁਨਿਕ ਨੁਹਾਰ ਕੀਰਤਨ ਅਤੇ ਸਤਿਗੁਰੂ ਦਰਸ਼ਨ ਕਰ ਕੇ ਬਾਰ-ਬਾਰ ਵਾਹ ਅਤੇ ਕਮਾਲ ਮੂੰਹੋ ਨਿਕਲ ਰਿਹਾ ਸੀ। ਬਹੁਤ ਅਦਭੁਤ, ਮਨਮੋਹਕ ਅਤੇ ਮਨਾਂ ਨੂੰ ਸ਼ਾਂਤੀ ਪਹੁੰਚਾਣ ਵਾਲਾ ਸੀ। ਸੰਗਤਾਂ ਸ਼ਬਦ ਕੀਰਤਨ, ਗੁਰੂ ਦਰਸ਼ਨਾਂ ਅਤੇ ਭਹੁ ਭਾਂਤੀ ਵਿਸ਼ਾਲ ਗੁਰੂ ਕੇ ਲੰਗਰ ਦਾ ਅਨੰਦ ਮਾਣਦੀਆਂ ਰਹੀਆਂ ਹਨ। ਪਾਠਕ ਵਿਸਤ੍ਰਿਤ ਰਿਪੋਰਟ ਸਤਿਜੁਗ ਆਦਿ ਪਰਚਿਆਂ ਵਿਚੋਂ ਪੜ੍ਹਣਗੇ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਭਾਵਨਾਵਾਂ ਦੇ ਵੇਗ ਸਾਹਵੇਂ....

*—ਡਾ. ਸੁਰਿੰਦਰ ਮੰਡ*

ਕੁਦਰਤ ਨੇ ਧਰਤੀ ਉੱਤੇ ਜੀਵਨ ਲੀਲ੍ਹਾ ਨੂੰ ਸਵਾਦਲਾ ਅਤੇ ਮੁਹੱਬਤੀ ਬਣਾਉਣ ਲਈ ਸਰੀਰਾਂ ਨੂੰ ਭਾਵਨਾਵਾਂ ਦੇ ਰੰਗਾਂ ਵਿਚ ਰੰਗਿਆ ਹੈ। ਧਰਤੀ ਦਾ ਕਣ-ਕਣ ਮਮਤਾ ਵਿਚ ਮੋਮ ਹੋਇਆ ਪਿਆ ਹੈ। ਪਿਆਰ ਦੀ ਚੁੰਬਕੀ ਪ੍ਰਕ੍ਰਿਤੀ ਦੀਆਂ ਸੁਰਾਂ ਦੇ ਅਨਹਦ ਨਾਦ ਨੇ ਆਪਣਾ ਰੰਗ ਬੰਨ੍ਹਿਆ ਹੈ। ਮਨੁੱਖ ਵੀ ਇਸ ਮੋਹ ਮਮਤਾ ਦੇ ਵੇਗ ਦੇ ਰੋੜ੍ਹ ਵਿਚ ਮੰਤਰ-ਮੁਗਧ ਹੈ। ਇਸ ਰੋੜ੍ਹ ਵਿਚ ਤੈਰਨ ਦੀ ਕਲਾ ਅਤੇ ਸੁਭਾਅ ਵਾਲੇ ਅਨੰਦਿਤ ਹਨ। ਅਣਜਾਣ ਕਹਿੰਦੇ, 'ਸਾਨੂੰ ਤਾਂ ਗੋਤੇ ਵੀ ਆਈ ਜਾਂਦੇ ਹਨ।'

ਜਿਨਾਂ ਨੂੰ ਵੱਡੀਆਂ-ਵੱਡੀਆਂ ਹਕੂਮਤਾਂ ਆਪਣੇ ਜੋਰ ਜਬਰ ਨਾਲ ਝੁਕਾਅ ਨਾ ਸਕੀਆਂ, ਉਹ ਸਹਿਜੇ ਹੀ ਆਪਣੀਆਂ ਭਾਵਨਾਵਾਂ ਦੇ ਗੁਲਾਮ ਹੋ ਗਏ। ਬੰਦੇ ਦੇ ਮਨ ਉਤੇ ਕੋਈ ਜ਼ੋਰ ਨਾਲ ਰਾਜ ਨਹੀਂ ਕਰ ਸਕਿਆ। ਪਰ ਜਿਨ੍ਹੂੰ ਜਿਨ੍ਹੂੰ ਵੀ ਉਸਦੇ ਆਪਣੇ ਮਨ ਨੇ ਜੋ ਹੁਕਮ ਕੀਤਾ, ਕਿਸੇ ਤੋਂ ਵੀ ਹੁਕਮ ਅਦੂਲੀ ਨਹੀਂ ਹੋਈ।

ਮਨੁੱਖ ਐਨ ਜਜ਼ਬਾਤੀ ਹੋ ਕੇ ਕੋਈ ਪੈਂਤੜਾ ਐਵੇਂ ਹੀ ਨਹੀਂ ਲੈ ਲੈਂਦਾ। ਅਸਲ ਵਿਚ ਇਹ ਬੁੱਧੀ ਅਤੇ ਮਨ ਦਾ ਸਾਂਝਾ ਫੈਸਲਾ ਹੁੰਦਾ ਹੈ। ਬੁੱਧੀ ਨਿਰਣਾ ਲੈਂਦੀ ਹੈ ਕਿ 'ਆਹ ਗੱਲ ਠੀਕ ਹੈ।' ਬੁੱਧੀ ਉਸਦੇ ਸਾਰੇ ਨਫ਼ੇ ਨੁਕਸਾਨਾਂ ਦਾ ਹਿਸਾਬ ਕਿਤਾਬ ਲਾਉਂਦੀ ਹੈ। ਜੇ ਠੀਕ ਜਾਪੇ ਫ਼ਿਰ ਮਨ ਪੂਰੇ ਜ਼ੋਰ ਨਾਲ ਉਸੇ ਫ਼ੈਸਲੇ ਉਤੇ ਆਪਣੀ ਮੋਹਰ ਲਾਉਂਦਾ ਹੈ। ਅਰਦਾਸਾਂ ਸੋਧਣ ਵਰਗੀ ਗੱਲ ਬਣ ਜਾਂਦੀ ਹੈ। ਉਹ ਸਲਾਹ ਫ਼ਿਰ ਜਜ਼ਬਾਤੀ ਰੂਪ ਧਾਰ ਲੈਂਦੀ ਹੈ। ਮਨੁੱਖ ਦਾ ਸਰੀਰ, ਮਨ ਅਤੇ ਬੁੱਧੀ ਉਸਨੂੰ ਸਿਰੇ ਚੜ੍ਹਾਉਣ ਲਈ ਐਸੇ ਤੂਫਾਨੀ ਰੌਅ ਦਾ ਰੂਪ ਧਾਰਨ ਕਰ ਲੈਂਦੇ ਹਨ, ਜੋ ਸਾਹਮਣੇ ਅੜਨ ਵਾਲੀ ਹਰ ਸ਼ੈਅ ਨੂੰ ਵਹਾ ਕੇ ਨਾਲ ਲੈ ਜਾਂਦਾ ਹੈ।

ਇੱਕ ਪਾਸੇ ਭਾਵਨਾਵਾਂ ਦੇ ਵਹਿਣ ਸਨ ਅਤੇ ਦੂਜੇ ਪਾਸੇ ਤਖ਼ਤ ਓ ਤਾਜ ਦੇ ਬੰਨ੍ਹ, ਪਰ ਬੰਨ੍ਹ ਰੁੜ੍ਹ ਗਏ।

ਜਜ਼ਬਿਆਂ ਉੱਤੇ ਹੀ ਸਾਡਾ ਰਿਸ਼ਤਾ ਨਾਤਾ ਪ੍ਰਬੰਧ ਉਸਰਦਾ ਹੈ ਅਤੇ ਜਜ਼ਬਿਆਂ ਅੱਗੇ ਹੀ ਸਾਰਾ ਸਬੰਧਾਂ ਦਾ ਕਿਲਾ ਢਹਿ ਢੇਰੀ ਹੁੰਦਾ ਆਇਆ ਹੈ। ਕੋਈ ਵੀ ਰਿਸ਼ਤਾ ਓਨਾ ਚਿਰ ਹੀ ਚੰਗਾ ਲੱਗਦਾ ਹੈ, ਜਿੰਨਾ ਚਿਰ ਇਹ ਭਾਵਨਾਵਾਂ ਦੀ ਕਦਰ ਕਰੇ। ਜਦ ਰਿਸ਼ਤੇ ਜਜ਼ਬਿਆਂ ਨੂੰ ਸੱਟ ਮਾਰਨ ਤਾਂ ਛੂ ਮੰਤਰ ਵਾਂਗ ਇੱਕ ਦਮ ਛਾਈਂ ਮਾਈਂ ਹੋ ਜਾਂਦੇ ਹਨ।



ਭਾਵੁਕਤਾ ਨਾਲ ਜੇ ਮੂਰਖਤਾ ਦਾ ਮੇਲ ਹੋ ਜਾਵੇ ਤਾਂ ਹੋਛਾਪਨ ਭਮਾਕਾ ਮਾਰਦਾ ਹੈ ਤੇ ਬੰਦਾ ਬਹੁਤੀ ਵਾਰ ਕਮਲ ਘੋਟਦਾ ਹੈ। ਜਦਕਿ ਬੁੱਧੀਮਾਨ ਵਿਅਕਤੀ ਜੇ ਜਜ਼ਬਾਤੀ ਹੋ ਜਾਣ ਤਾਂ ਉਹ ਜਲਵੇ ਵੇਖਣ ਸੁਣਨ ਨੂੰ ਮਿਲਦੇ ਹਨ, ਜਿਨ੍ਹਾਂ ਨੂੰ ਦੁਨੀਆ ਤਰਸਦੀ ਹੈ।

ਸੂਖ਼ਮ ਭਾਵੀ ਹੋਣਾ ਗੁਣ ਹੈ ਜਦਕਿ ਨਿਰਾ ਭਾਵੁਕ ਹੋਣਾ ਤੱਤ ਰੂਪ ਵਿਚ ਔਗੁਣ ਹੋ ਨਿਬੜਦਾ ਹੈ। ਕਿਉਂਕਿ ਇਸ ਵਿਚ ਤੱਟ-ਫੱਟ ਪ੍ਰਤੀਕਰਮ ਹੁੰਦਾ ਹੈ। ਜਿਸ ਵਿਚ ਸੋਚ ਵਿਚਾਰ ਦੀ ਸਲਾਹ ਨਹੀਂ ਲਈ ਜਾਂਦੀ ਅਤੇ ਅਨੇਕਾਂ ਵਾਰ ਗਲਤੀਆਂ ਲਈ ਪਛਤਾਉਣਾ ਪੈਂਦਾ ਹੈ।

ਭਾਵ ਹੀਣ ਮਨੁੱਖ ਇਕ ਪੱਥਰ ਹੈ। ਉਸਦੇ ਸਾਹਮਣੇ ਕੁਝ ਵੀ ਵਾਪਰਦਾ ਰਵ੍ਹੇ, ਚੰਗਾ ਮਾੜਾ, ਉਸਨੂੰ ਨਾ ਖੁਸ਼ੀ ਦਾ ਗ਼ਮ, ਕੋਈ ਧੱਕੇਸ਼ਾਹੀ ਹੁੰਦੀ ਰਵ੍ਹੇ, ਉਸਦਾ ਖੂਨ ਨਹੀਂ ਖੌਲਦਾ। ਐਸੇ ਜੀਵ ਜੰਤੂ ਨਾ ਘਰ ਪਰਿਵਾਰ ਦੇ ਫ਼ਿੱਟ ਬਹਿੰਦੇ ਹਨ ਅਤੇ ਨਾ ਹੀ ਉਸ ਧਰਤੀ ਲਈ ਇਹਨਾਂ ਦੀ ਕੋਈ ਸਾਰਥਕਤਾ ਹੁੰਦੀ ਹੈ, ਜਿੱਥੇ ਇਹ ਤੁਰੇ ਫ਼ਿਰਦੇ ਹਨ। ਇਹਨਾਂ ਨੇ ਨਾ ਕਦੀ ਇਸ਼ਕ ਕੀਤਾ। ਨਾ ਹੁੱਬ ਕੇ ਕਿਸੇ ਰਿਸ਼ਤੇ ਨੂੰ ਪਿਆਰ ਕੀਤਾ ਤੇ ਨਾ ਦੇਸ਼ ਧਰਮ ਲਈ ਕਦੇ ਕੋਈ ਕੁਰਬਾਨੀ ਕੀਤੀ।

ਜਜ਼ਬਾਤ ਹਰੇਕ ਜੀਵ ਵਿਚ ਹਨ। ਉਹਨਾਂ ਦੀ ਕੁਦਰਤੀ ਜੀਵਨ ਜਾਚ ਹੋਣ ਕਰਕੇ, ਉਹਨਾਂ ਦਾ ਇਹ ਅੰਸ਼ ਮਨੁੱਖਾਂ ਵਾਂਗ ਜ਼ਖ਼ਮੀ ਹੋਇਆ ਜਾਂ ਮਰਿਆ ਨਹੀਂ। ਅਸੀਂ ਮੱਝਾਂ, ਗਾਵਾਂ ਅਤੇ ਕੁੱਤਿਆਂ ਨੂੰ ਕਈ ਵਾਰ ਬੇਹੱਦ ਉਦਾਸ ਅਤੇ ਰੋਂਦਿਆਂ ਵੇਖਿਆ ਹੈ।

ਜਿਸ ਦਿਨ ਮੇਰੇ ਪਿਤਾ ਜੀ ਪੂਰੇ ਹੋਏ ਸਨ। ਸਾਨੂੰ ਤਾਂ ਸਕੇ ਸੋਧਰਿਆਂ ਨੇ ਆਖ ਵੇਖ ਕੇ ਰਾਤ ਨੂੰ ਹੀ ਭੋਜਨ ਛਕਾ ਦਿੱਤਾ ਸੀ। ਪਰ ਸਾਡੀਆਂ ਮੱਝਾਂ ਨੇ ਚਾਰ ਪੰਜ ਦਿਨ ਪੱਠੇ ਨਹੀਂ ਸਨ ਖਾਧੇ ਅਤੇ ਅੜਿੰਗਦੀਆਂ ਰਹੀਆਂ ਸਨ। ਉਸ



Namdhari Elibrary NamdhariElibrary@gmail.com

ਦਿਨ ਮੈਨੂੰ ਅਸਲ ਅਹਿਸਾਸ ਹੋਇਆ ਸੀ ਕਿ ਇਹ ਵੀ ਸਾਡੇ ਪਰਿਵਾਰ ਦੀਆਂ ਮੈਂਬਰ ਹਨ। ਅਤੇ ਕਿੰਨੀ ਜ਼ਿਆਦਾ ਜਜ਼ਬਾਤੀ ਸਾਂਝ ਰੱਖਦੀਆਂ ਹਨ। ਕੌੜਾ ਸੱਚ ਇਹ ਹੈ ਕਿ ਉਹ ਸਾਡੇ ਤਾਂ ਕੇਵਲ ਰਸਮੀ ਬਾਪ ਸਨ। ਅਸੀਂ ਤਾਂ ਕਦੋਂ ਦੇ ਉਹਨਾਂ ਤੋਂ ਬਗੈਰ ਆਜ਼ਾਦ ਤੁਰੇ ਫ਼ਿਰਦੇ ਸਾਂ। ਉਹ ਅਸਲ ਬਾਪ ਸਿਰਫ਼ ਸਾਡੇ ਪਸ਼ੂਆਂ ਦੇ ਸਨ। ਜਿਹਨਾਂ ਦੇ ਮੂੰਹ ਵਿਚ ਉਹ ਭੋਜਨ ਲਿਆ ਕੇ ਪਾਉਂਦੇ ਅਤੇ ਉਹਨਾਂ ਦੀ ਸੇਵਾ ਵਿਚ ਸਦਾ ਹਾਜ਼ਰ ਰਹਿੰਦੇ ਸਨ। ਤੇ ਸਾਡੀਆਂ ਮੱਝਾਂ ਨਾਲ ਤਾਂ ਖਲੀਲ ਜਿਬਰਾਨ ਦੇ ਨਾਵਲ 'ਟੁੱਟੇ ਖੰਭ' ਦੇ ਨਾਇਕ ਵਾਲੀ ਹੋਈ। ਜਿੰਨ੍ਹੂੰ ਨਾਇਕਾ ਦੀ ਮੌਤ ਦਾ ਸਭ ਤੋਂ ਵੱਧ ਗਮ ਸੀ ਪਰ ਉਸਨੂੰ ਕਿਸੇ ਹੌਸਲਾ ਨਹੀਂ ਸੀ ਦਿੱਤਾ ਤੇ ਉਸ ਸਾਰਿਆਂ ਦੇ ਚਲੇ ਜਾਣ ਤੋਂ ਬਾਅਦ ਵੀ ਸ਼ਮਸ਼ਾਨਘਾਟ ਵਿਚ ਇਕੱਲਾ ਬੈਠਾ ਰੋ ਰਿਹਾ ਸੀ।

ਮੇਰੇ ਬੱਚਿਆਂ ਦੇ ਨਾਨਾ ਜੀ ਜਿਸ ਦਿਨ ਗੁਜ਼ਰ ਗਏ ਤਾਂ ਉਹਨਾਂ ਦੇ ਕੁੱਤੇ 'ਮ੍ਰਿਟ' ਨੂੰ ਪਰ੍ਹੇ ਰੱਖਿਆ ਗਿਆ ਕਿ ਇਸਨੂੰ ਲਾਸ਼ ਨਾ ਵੇਖਣ ਦਿਓ, ਮਹਿਸੂਸ ਕਰੇਗਾ। ਇਸਦਾ ਪਿਆਰ ਬਹੁਤ ਹੈ। ਪਰ ਅਜਿਹਾ ਕਰਨ ਨਾਲ ਉਲਟਾ ਭਾਣਾ ਵਾਪਰ ਗਿਆ। ਕੁੱਤੇ ਨੇ ਰੋਟੀ ਪਾਣੀ ਛੱਡ ਦਿੱਤਾ ਅਤੇ ਡੂੰਘੀਆਂ ਉਦਾਸੀਆਂ ਦੇ ਵਹਿਣਾਂ ਵਿਚ ਵਹਿ ਗਿਆ। ਬਾਕੀ ਸਾਰੇ ਟੱਬਰ ਦੇ ਜੀਅ ਲਾ ਵਾਂਢੀਂ ਰਹੇ ਪਰ ਉਸਨੇ ਮੂੰਹ ਵਿਚ ਕੁਛ ਨਾ ਪਾਇਆ ਤੇ ਬਾਈਆਂ ਦਿਨਾਂ ਬਾਅਦ ਪ੍ਰਾਣ ਤਿਆਗ ਦਿੱਤੇ।

ਆਪਣੀ ਔਲਾਦ ਨਾਲ ਜਜ਼ਬਾਤੀ ਮੋਹ ਪੁਗਾਉਣ ਦੇ ਪੱਖ ਤੋਂ ਬੰਦਾ ਜਾਨਵਰਾਂ ਪੰਛੀਆਂ ਨਾਲੋਂ ਕਿਤੇ ਪਿਛਾਂਹ ਰਹਿ ਗਿਆ ਹੈ। ਗੈਰ ਕੁਦਰਤੀ ਸੋਚ ਅਤੇ ਵਿਹਾਰ ਕਰਕੇ ਮਨੁੱਖ ਦੇ ਇਸ ਸਬੰਧ ਵਿਚ ਖੋਟ ਆ ਚੁੱਕੀ ਹੈ। ਪਰ ਉਹਨਾਂ ਦਾ ਇਹ ਸਬੰਧ ਏਨਾ ਨਿੱਘਾ ਤੇ ਆਪਾ ਵਾਰੂ ਹੈ ਕਿ ਅਸੀਂ ਇਸਦਾ ਅੰਦਾਜ਼ਾ ਵੀ ਨਹੀਂ ਲਾ ਸਕਦੇ। ਉਹ ਸੰਕਟ ਮੌਕੇ ਬੱਚੇ ਲਈ ਜਾਨ ਉੱਤੇ ਖੇਡ ਜਾਂਦੇ ਹਨ।

ਅੰਮ੍ਰਿਤਸਰ ਜ਼ਿਲ੍ਹੇ ਦੇ ਦਰਿਆ ਕੰਢੇ ਦੇ ਇਕ ਪਿੰਡ ਦੀ ਘਟਨਾ ਹੈ। ਜਦ ਸਾਉਣ ਮਹੀਨੇ ਦਰਿਆ ਵਿੱਚ ਹੜ੍ਹ ਦਾ ਪਾਣੀ ਠਾਠਾਂ ਮਾਰਦਾ ਚੜ੍ਹ ਆਇਆ ਤਾਂ ਜੱਟ ਨੇ ਬਾਹਰਲੀ ਬਹਿਕ ਤੋਂ ਮੱਝਾਂ ਪਿੰਡ ਵਾਲੇ ਘਰ ਨੂੰ ਹਿੱਕ ਲਈਆਂ। ਪਰ ਇੱਕ ਮੱਝ ਦਾ ਕੱਟਾ ਨਿੱਕਾ ਸੀ। ਉਸਨੇ ਸੋਚਿਆ ਕਿ ਕੱਟਾ ਤਾਂ ਖੜ੍ਹਿਆ ਨਹੀਂ ਜਾਣਾ, ਮੱਝ ਨੂੰ ਕੁੱਟ-ਕੁੱਟ ਕੇ ਲੈ ਜਾਂਨੇ। ਮੱਝ ਨੇ ਕੱਟੇ ਬਿਨਾਂ ਜਾਣ ਤੋਂ ਇਨਕਾਰ ਕਰ ਦਿੱਤਾ। ਹਾਰ ਕੇ ਉਸਨੇ ਦੋਹਾਂ ਨੂੰ ਕਿੱਲਿਆਂ ਤੋਂ ਖੋਲ੍ਹ ਕੇ ਹਵੇਲੀ ਵਿਚ ਹੀ ਰਹਿਣ ਦਿੱਤਾ। ਰਾਤ ਪੈ ਗਈ। ਹਵੇਲੀ ਪਾਣੀ ਵਿਚ ਡੁੱਬ ਗਈ। ਉਥੋਂ ਡੇਢ ਕਿਲੋਮੀਟਰ ਪਿੰਡ ਸੀ ਤੇ ਆਲੇ ਦੁਆਲੇ ਸ਼ੂਕਦਾ ਸੈਲਾਬ। ਮੱਝ ਦੀ ਮਮਤਾ ਸਾਰੀ ਰਾਤ ਬਿਆਸ ਦਰਿਆ ਦੀਆਂ ਤੂਫ਼ਾਨੀ ਲਹਿਰਾਂ ਨਾਲ ਯੁੱਧ ਕਰਦੀ ਰਹੀ। ਉਹ ਜਿੱਧਰ ਨੂੰ ਪਾਣੀ ਦਾ ਰੋੜ੍ਹ ਸੀ ਉਸ ਪਾਸੇ ਆਪ ਹੋਈ ਰਹੀ ਤੇ ਜਿਧਰੋਂ ਪਾਣੀ ਆਉਂਦਾ ਸੀ, ਓਧਰ ਆਪਣੇ ਬੱਚੇ ਨੂੰ ਨਾਲ ਲਾ ਕੇ, ਪਿੰਡ ਦੀ ਦਿਸ਼ਾ ਵਿਚ ਸਹਿਜੇ ਸਹਿਜੇ ਤਰਦੀ ਅਤੇ ਤੁਰਦੀ ਰਹੀ। ਜਦ ਸਵੇਰ ਹੋਈ ਤਾਂ ਉਹ ਆਪਣੇ ਕਟੂਏ ਸਮੇਤ ਪਿੰਡ ਵਾਲੇ ਘਰ ਸਾਹਮਣੇ ਖਲੋਤੀ ਸੀ। ਮੇਰਾ ਅੰਦਾਜ਼ਾ ਹੈ ਕਿ ਜੇ ਉਸਦੇ ਬੱਚੇ ਨੂੰ ਪਾਣੀ ਰੋੜ੍ਹ ਲੈਂਦਾ ਤਾਂ ਉਹ ਕਦੀ ਵੀ ਇਕੱਲੀ ਪਿੰਡ ਆਪਣਾ ਮੂੰਹ ਨਾ ਵਿਖਾਉਂਦੀ ਤੇ ਉਸਦੇ ਬਚਾਅ ਦੀਆਂ ਆਖ਼ਰੀ ਕੋਸ਼ਿਸ਼ਾਂ ਕਰਦੀ ਹੋਈ ਉਹਨਾਂ ਪਾਣੀਆਂ ਵਿਚ ਹੀ ਸਮਾ ਜਾਂਦੀ। ਵਕਤ ਦੇ ਸਫ਼ੇ ਉੱਤੇ ਉਹਨਾਂ ਦੀਆਂ ਅੱਜ ਤਕ ਪਤਾ ਨਹੀਂ ਕਿੰਨੀਆਂ ਐਸੀਆਂ ਕਹਾਣੀਆਂ ਲਿਖੀਆਂ ਪਈਆਂ ਹਨ, ਜਿੰਨ੍ਹਾਂ ਨੂੰ ਪੜ੍ਹਨ ਵਾਲੀ ਸਾਡੇ ਕੋਲ ਅੱਖ ਹੀ ਨਹੀਂ। ਪਰੰਤੂ ਸਾਡੇ ਮਨੁੱਖੀ ਸਮਾਜ ਵਿਚ ਪ੍ਰਚੱਲਤ ਅਖੌਤ ਕਿ, "ਜਦ ਜਾਨ ਨੂੰ ਬਣਦੀ ਹੈ ਤਾਂ ਮਾਵਾਂ ਪੁੱਤ ਨਹੀਂ ਸੰਭਾਲਦੀਆਂ" ਦੱਸਦੀ ਹੈ ਕਿ ਅਸੀਂ ਇਸ ਪੱਖੋਂ ਕਿੱਥੇ ਫਿਰਦੇ ਹਾਂ।

ਜੀਵ ਸੰਸਾਰ ਦੇ 'ਕਾਮ' ਸਬੰਧਾਂ ਦਾ ਇਕ ਰਾਜ਼ ਇਹ ਵੀ ਹੈ ਕਿ ਜਿੱਥੇ ਇਹ ਰਿਸ਼ਤਾ ਸਹਿਜੇ ਹੋਵੇ ਉਥੇ ਜਜ਼ਬਾਤ ਜ਼ਰੂਰ ਹੁੰਦਾ ਹੈ। ਜੀਵਨ ਲੀਲ੍ਹਾ ਚਲਾਈ ਰੱਖਣ ਦਾ ਕੁਦਰਤ ਦਾ ਇਹ ਅਨੂਠਾ ਭੇਦ ਹੈ।

ਜਦ ਮੈਂ ਛੋਟਾ ਸਾਂ। ਪਿੰਡ ਦੇਸੀ ਕੁੱਕੜ ਕੁੱਕੜੀਆਂ ਰੱਖੇ ਹੁੰਦੇ ਸਨ। ਕੁੱਕੜੀਆਂ ਦੇ ਚੱਲਣ ਫ਼ਿਰਨ ਵਿਚ ਤੇ ਵਿਹਾਰ ਵਿਚ ਨਜ਼ਾਕਤ ਹੁੰਦੀ। ਤੇ ਕੁੱਕੜ ਵਿਚ ਆਕੜ, ਸ੍ਵੈ ਮਾਣ ਅਤੇ ਰੋਹਬ ਦਾਬ। ਪਰ ਉਹ ਆਪਣੀ ਇਹ ਆਕੜ ਅਤੇ ਰੋਹਬ ਕਦੀ ਕੁੱਕੜੀਆਂ ਨੂੰ ਨਾ ਵਖਾਉਂਦਾ। ਭਾਵੇਂ ਕਿੰਨਾ ਭੁੱਖਾ ਹੋਵੇ, ਜਦ ਉਸਨੂੰ ਰੋਟੀ, ਦਾਣੇ ਜਾਂ ਕੁੱਛ ਹੋਰ ਪਾਉਣਾ, ਉਸਨੇ ਪਹਿਲਾਂ ਆਪ ਨਾ ਖਾਣਾ ਤੇ ਕੁੱਕੜੀਆਂ ਨੂੰ ਵਾਜਾਂ ਮਾਰਨੀਆਂ। ਉਹਨਾਂ ਨੂੰ ਖਵਾ ਕੇ ਫ਼ਿਰ ਖਾਣਾ। ਅਜਿਹੀ ਸਾਂਝ ਸੀ ਉਹਨਾਂ ਦੀ।

ਇਹ ਜਜ਼ਬਾਤੀ ਰਿਸ਼ਤਾ ਔਰਤ ਮਰਦ ਦੇ ਖ਼ੂਨ ਵਿਚ ਵੀ ਹੈ। ਪਰ ਹਾਲਾਤ ਇਸ ਭਾਵੁਕ ਰਿਸ਼ਤੇ ਨੂੰ ਬਚਾਈ ਰੱਖਣ ਦੇ ਅਨੁਕੂਲ ਨਹੀਂ ਜਾਪਦੇ। ਜਦਕਿ ਇਹਨਾਂ ਸਬੰਧਾਂ ਦੇ


Namdhari Elibrary NamdhariElibrary@gmail.com

ਬਚੇ ਰਹਿਣ ਉੱਤੇ ਹੀ ਮਨੁੱਖ ਸਮਾਜ ਦਾ ਸੁਹਜ, ਅਨੰਦ ਅਤੇ ਭਵਿੱਖ ਨਿਰਭਰ ਹੈ।

ਕਲਾਕਾਰ ਜਾਂ ਕਲਾ ਪ੍ਰੇਮੀ ਹੋਣਾ ਸਾਡੀ ਬੌਧਿਕ ਅਤੇ ਰੂਹਾਨੀ ਵਡਿਆਈ ਹੈ। ਰੋਜ਼-ਮਰਾ ਦੇ ਝਮੇਲਿਆਂ ਤੋਂ ਹੱਟ ਕੇ ਮਨੁੱਖ ਜਦ ਰੂਹ ਦੀ ਪੱਧਰ ਉਤੇ ਜਿਊਣਾ ਲੋਚਦਾ ਹੈ। ਸਰੀਰ ਤੋਂ ਉਪਰ ਉਠ ਕੇ ਰੂਹਾਨੀ ਭੁੱਖ ਮਹਿਸੂਸਦਾ ਹੈ ਤਾਂ ਉਹ ਕਲਾ ਪ੍ਰੇਮੀ ਬਣ ਜਾਂਦਾ ਹੈ। ਜੇ ਸਿਰਜਣਾਤਮਕ ਯੋਗਤਾਵਾਂ ਵੀ ਹੋਣ ਤਾਂ ਕਲਾਕਾਰ ਬਣ ਜਾਂਦਾ ਹੈ। ਪਰ ਦੋਵੇਂ ਤਰ੍ਹਾਂ ਦੀ ਬਖਸ਼ਿਸ਼ ਉਹਨਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਕੁਦਰਤ ਨੇ ਸੂਖ਼ਮ ਭਾਵੀ ਹੋਣ ਦੇ ਖਜ਼ਾਨੇ ਦਿੱਤੇ ਹਨ।

ਕਲਾ ਵਿਚ ਭਾਵਨਾਵਾਂ ਅਤੇ ਬੁੱਧੀ ਦਾ ਸੰਯੋਗ ਹੰਦਾ ਹੈ। ਇਸ ਸੰਯੋਗ ਤੋਂ ਬਣੀ ਕਲਾ-ਕ੍ਰਿਤ ਫ਼ਿਰ ਆਪ ਇਕ ਜਿਊਂਦੀ ਜਾਗਦੀ ਸ਼ੈਅ ਵਰਗੀ ਹੋ ਜਾਂਦੀ ਹੈ। ਜਿਸਨੂੰ ਵੇਖ, ਪੜ੍ਹ, ਸੁਣ ਕੇ ਲੋਕ ਹੱਸਦੇ ਰੋਂਦੇ ਅਤੇ ਹਲੂਣੇ ਜਾਂਦੇ ਹਨ। ਵਧੀਆ ਕਿਰਤ ਸਦੀਵੀ ਸੁਭਾਅ ਹੀ ਹੁੰਦੀ ਹੈ। ਜਿਊਂਦਾ ਜਾਗਦਾ ਮਨੁੱਖ ਤਾਂ ਆਖਰ ਮਰ ਜਾਂਦਾ ਹੈ। ਪਰ ਜੋ ਕਲਾ-ਕ੍ਰਿਤ ਵਿਚ ਢਲ ਗਿਆ ਉਹ ਅਮਰ ਹੋ ਗਿਆ।

ਕਲਾ-ਕ੍ਰਿਤ ਵਿਚੋਂ ਉਸਦੇ ਕਰਤਾ ਦੇ ਦਰਸ਼ਨ ਕਰਨ ਦੀ ਸਮਰੱਥਾ ਸੂਝ ਸਮਝ ਦੀ ਉਚਤਮ ਸਥਿਤੀ ਹੈ। ਅਜਿਹੀ ਸਥਿਤੀ ਵਾਲਿਆਂ ਹੀ ਸੰਸਾਰਕ ਰਚਨਾ ਦੀ ਕਲਾ ਕੁਸ਼ਲਤਾ ਪਿੱਛੇ ਕਿਸੇ ਪਰਮ ਸ਼ਕਤੀ ਦੀ ਅਦਿੱਖ ਹੋਂਦ ਨੂੰ ਪ੍ਰਣਾਮ ਕੀਤੀ ਹੈ।

ਜਜ਼ਬਾਤ ਬੁੱਧੀ ਨੂੰ ਹਲੂਣਦੇ ਹਨ। ਉਸ ਹਲੂਣ ਵਿਚੋਂ ਹੀ ਕਲਾ ਉਸਲਵੱਟੇ ਲੈਂਦੀ ਹੈ। ਇਸਦੇ ਰੂਪ ਅਨੰਤ ਹਨ। ਇਹਨਾਂ ਵਿਚ ਮੁਹੱਬਤ, ਜੰਗ, ਖੁਸ਼ੀ, ਗ਼ਮੀ, ਹਾਸੇ, ਉਦਾਸੀਆਂ, ਰੋਸੇ, ਗੁੱਸੇ ਕਿੰਨਾ ਕੁਛ ਹੈ। ਕਲਾਕਾਰ ਆਪ ਇਹਨਾਂ ਸਾਰੇ ਤਲਾਂ ਉਤੇ ਜੀਊਂਦਾ ਹੋਇਆ, ਆਪਣੀ ਕਾਇਆ ਨੂੰ, ਭਾਵਨਾਵਾਂ ਦੇ ਵੇਲਣੇ ਵਿਚ ਪੀੜ ਕੇ, ਨੌ ਰਸਾਂ ਨੂੰ ਨਿਚੋੜਦਾ ਹੈ।

ਭਾਵੁਕ ਵਰਨਣ ਕਰਦਾ ਹੋਇਆ ਕਲਾਕਾਰ ਬੌਧਿਕ ਪੱਧਰ ਤੇ ਭਾਵੁਕ ਹੁੰਦਾ ਹੋਇਆ ਵੀ ਮਨੋਂ ਸਹਿਜ ਹੀ ਹੁੰਦਾ ਹੈ। ਜੰਗ ਬਾਰੇ ਲਿਖਦਿਆਂ ਜੰਗ ਬੌਧਿਕ ਖਿਆਲਾਂ ਵਿਚ ਹੁੰਦੀ ਹੈ ਤੇ ਮਨ ਤਦ ਵੀ ਸਹਿਜ ਹੀ ਹੁੰਦਾ ਹੈ। ਵਿਸ਼ੇ ਦੇ ਉਤਰਾਵਾਂ ਚੜ੍ਹਾਵਾਂ ਮੁਜਬ ਬੁੱਧੀ ਜੂਝਦੀ ਹੈ, ਜਦਕਿ ਸਿਰਜਣਾ ਮਨ ਦੀ ਸਹਿਜ ਅਵਸਥਾ ਵਿਚ ਹੀ ਹੋ ਸਕਦੀ ਹੈ। ਇਹ ਸਹਿਜ ਅਵਸਥਾ ਹੀ ਹੈ ਜੋ ਕਲਾ-ਕ੍ਰਿਤ ਵਿਚ ਉੱਤਮ ਜਜ਼ਬਾਤੀ ਰੰਗ ਭਰ ਸਕਦੀ ਹੈ। ਭਾਵੁਕ ਹੋ ਕੇ ਹੱਸਿਆ ਰੋਇਆ ਤਾਂ ਜਾ ਸਕਦਾ ਹੈ, ਕੁਝ ਸਿਰਜਿਆ ਨਹੀਂ ਜਾ ਸਕਦਾ।

ਕੰਮ ਧੰਦੇ ਦਾ ਸੁਭਾਅ ਉਤੇ ਉਮਰ ਵੀ ਜਜ਼ਬਾਤ ਉਤੇ ਅਸਰ ਪਾਉਂਦੇ ਹਨ। ਨੌਜਵਾਨ ਮੁਕਾਬਲਤਨ ਵੱਧ ਜਜ਼ਬਾਤੀ ਹੁੰਦੇ ਹਨ। ਖੇਤੀ ਦੇ ਧੰਦੇ ਨਾਲ ਜੁੜੇ ਲੋਕ ਕੁਦਰਤ ਦੇ ਵੱਧ ਨੇੜੇ ਹੋਣ ਕਰਕੇ ਜ਼ਿਆਦਾ ਭਾਵੁਕ ਅਤੇ ਜਜ਼ਬਾਤੀ ਹੁੰਦੇ ਹਨ। ਜਦਕਿ ਦੁਕਾਨਦਾਰੀ ਵਾਲੀ ਮਾਨਸਿਕਤਾ ਜਜ਼ਬਾਤੀ ਹੋ ਕੇ ਨਹੀਂ ਸੋਚਦੀ। ਹਾਣ ਲਾਭ ਵੇਖ ਕੇ ਬੋਲਦੀ ਚਾਲਦੀ ਹੈ। ਮੇਰੇ ਨਾਲ ਇਕ ਬਾਣੀਆਂ ਦਾ ਮੁੰਡਾ ਯੂਨੀਵਰਸਿਟੀ ਪੜ੍ਹਦਾ ਸੀ। ਜਿੰਨ੍ਹਾ ਦੀ ਬੜੀ ਵੱਡੀ ਕੱਪੜੇ ਦੀ ਦੁਕਾਨ ਸੀ। ਉਸ ਕਿਹਾ ਕਰਨਾ, 'ਜਦ ਮੇਰੇ ਘਰ ਦੇ ਕੱਪੜੇ ਦਾ ਦੂਣੋ ਦੂਣੀ ਭਾਅ ਕਿਸੇ ਗਰੀਬ ਨੂੰ ਦੱਸਦੇ ਹਨ ਅਤੇ ਉਹ ਪੈਸੇ ਦੇਣ ਲੱਗਦਾ ਹੈ ਤਾਂ ਮੇਰਾ ਖੂਨ ਖੌਲਦਾ ਹੈ।' ਹੁਣ ਉਹ ਮੁੰਡਾ ਆਪ ਓਸੇ ਦੁਕਾਨ_ਉਤੇ ਬੈਠਾ ਉਵੇਂ ਹੀ ਕੱਪੜਾ ਵੇਚਦਾ ਹੈ।

ਸਰੀਰ ਨੂੰ ਵੱਜਦੀ ਸੱਟ ਸਹਿਣੀ ਵੀ ਸੌਖੀ ਹੈ ਅਤੇ ਭੁੱਲ ਵੀ ਜਾਂਦੀ ਹੈ ਪਰੰਤੂ ਜਜ਼ਬਿਆਂ ਨੂੰ ਲੱਗੀ ਠੇਸ ਦਾ ਜ਼ਖ਼ਮ ਬੜਾ ਲੰਮਾ ਸਮਾਂ ਰਿਸਦਾ ਹੈ ਅਤੇ ਵਿਸਰਦਾ ਤਾਂ ਕਦੀ ਵੀ ਨਹੀਂ।

ਬੰਦਾ ਅਸਲ ਵਿਚ ਸਰੀਰੋਂ ਨਹੀਂ ਮਰਦਾ। ਅਸਲ ਮੁਰਦਾ ਤਾਂ ਉਹ ਹੈ ਜਿਸਦੇ ਜਜ਼ਬਾਤ ਮਰ ਜਾਂਦੇ ਹਨ ਅਤੇ ਭਾਵਨਾਵਾਂ ਸੁਪਨਿਆਂ ਨੂੰ ਜਨਮ ਦੇਣਾ ਬੰਦ ਕਰ ਦਿੰਦੀਆਂ ਹਨ। ਭਾਵਨਾਵਾਂ ਖਤਮ ਤਾਂ ਜੀਵਨ ਦੇ ਸਾਰੇ ਰਸ ਅਲੋਪ।

ਜੰਗਾਂ ਇਕੱਲੇ ਹਥਿਆਰਾਂ ਨਾਲ ਨਹੀਂ ਸਗੋਂ ਕਿਸੇ ਕੀਮਤ ਉਤੇ ਜਿੱਤਣ ਦੇ ਜਜ਼ਬੇ ਨਾਲ ਲੜੀਆਂ ਅਤੇ ਜਿੱਤੀਆਂ ਜਾਂਦੀਆਂ ਹਨ। ਭਾਵਨਾਵਾਂ ਦੀ ਕਿਆਰੀ ਵਿਚ ਹੀ ਪਿਆਰ ਮੁਹੱਬਤ ਦੇ ਫੁੱਲ ਖਿੜਦੇ ਹਨ। ਭਾਵਨਾਵਾਂ ਦੀ ਰੁਮਕਦੀ ਪੌਣ ਦੇ ਅੰਗ ਸੰਗ ਹੀ ਕਲਮਾਂ, ਬਰੱਸ਼ ਅਤੇ ਕਲਾਕਾਰ ਹੱਥ ਚਲਦੇ ਹਨ ਤੇ ਕਲਾ-ਕ੍ਰਿਤਾਂ ਜਨਮਦੀਆਂ ਹਨ। ਜਜ਼ਬਿਆਂ ਭਾਵਨਾਵਾਂ ਤੋਂ ਸੱਖਣੇ ਲੋਕ ਮਨਿਆਰੀ ਦੀਆਂ ਦੁਕਾਨਾਂ ਤੇ ਵਿਕਣ ਵਾਲੇ ਫੁੱਲ ਹਨ। ਬੜੇ ਮਨਮੋਹਣੇ, ਪਰ ਕੋਲ ਜਾ ਕੇ ਸੁੰਘੋ ਤਾਂ ਕੁਛ ਵੀ ਨਹੀਂ।

ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਸਰਕਾਰੀ ਕਾਲਜ, ਤਲਵਾੜਾ।



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com

## ਸਭਰਾਵਾਂ ਦੇ ਮੈਦਾਨ ਤੋਂ ਰੰਗਨ ਦੇ ਬੰਗਲੇ ਤੱਕ

# ਬਾਬਾ ਦਰਬਾਰਾ ਸਿੰਘ ਰਾਇਪੁਰ

—ਸੁਵਰਨ ਸਿੰਘ ਵਿਰਕ

ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿਚ ਆਰੰਭ ਹੋਣ ਵਾਲੀ ਕੂਕਾ-ਲਹਿਰ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਦੇਸ਼ ਕੌਮ ਦੀ ਬੰਦ ਖਲਾਸੀ, ਦੀਨਾਂ ਦੁਖੀਆਂ ਦੀ ਬਾਂਹ ਫੜਨ ਲਈ, ਮਰਜੀਵੜਿਆਂ ਦੇ ਪੂਰਾਂ ਦੇ ਪੂਰ ਤਿਆਰ ਕਰ ਦਿੱਤੇ ਸਨ। ਕੂਕਾ ਲਹਿਰ ਵਿਚ ਸ਼ਾਮਲ ਹੋਣ ਵਾਲੇ ਉਦਾਸੀ, ਨਿਰਮਲੇ, ਨਿਹੰਗ, ਬੈਰਾਗੀ, ਗੁਲਾਬਦਾਸੀਏ, ਸੇਵਾ ਪੰਥੀਏ ਆਦਿ ਪੰਜਾਬ ਵਿਚ ਵਿਚਰਨ ਵਾਲੀਆਂ ਪ੍ਰਸਿੱਧ ਧਾਰਮਿਕ ਸੰਪਰਦਾਵਾਂ ਵਿਚੋਂ ਵੀ ਆਏ। ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਅਤੇ ਉਹਨਾਂ ਦੇ ਉੱਤਰਾ ਅਧਿਕਾਰੀ ਭਾਈ ਮਹਾਰਾਜ ਸਿੰਘ ਹੋਰਾਂ ਨਾਲ ਫਰੰਗੀਆਂ ਵਿਰੁੱਧ ਜੂਝਣ ਵਾਲਿਆਂ ਵਿਚੋਂ ਵੀ ਆਏ। ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚੋਂ ਵੀ ਆਏ ਅਤੇ ਸੰਨ ੧੮੫੭ ਦੇ ਵਿਦਰੋਹ ਸਮੇਂ, ਕੰਪਨੀ ਸਰਕਾਰ ਦਾ ਤਖ਼ਤਾ ਪਲਟਣ ਵਾਲੇ ਸਰਗਰਮ ਸੈਨਿਕਾਂ ਵਿਚੋਂ ਵੀ ਆਏ। ਇਹਨਾਂ ਵਿਚੋਂ ਬਹੁਤ ਸਾਰੇ ਉਹ ਵੀ ਸਨ, ਜਿਹਨਾਂ ਨੂੰ ਸਿੱਖ ਰਾਜ ਗੁਆਚਣ ਦਾ ਚੋਖਾ ਝੋਰਾ ਸੀ। ਜਿਹਨਾਂ ਨੇ ਅੰਗਰੇਜ਼ ਸਿੱਖ ਜੰਗਾਂ ਵਿਚ ਆਪਣਾ ਖ਼ੂਨ ਡੋਹਲਿਆ ਸੀ। ੧੦ ਫਰਵਰੀ ੧੮੪੬ ਈ. ਨੂੰ ਸਭਰਾਵਾਂ ਦੇ ਮੈਦਾਨ ਵਿਚ ਹੋਏ ਲਾਸਾਨੀ ਯੁੱਧ ਨੇ, ਜਿਸ, ਵਿਚ ਬੁੱਢੇ ਜਰਨੈਲ ਸ. ਸ਼ਾਮ ਸਿੰਘ 'ਅਟਾਰੀ' ਨੇ "ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁੱਟੇ" ਸਨ ਅਤੇ ਕਮਾਂਡਰ ਇਨ ਚੀਫ ਤੇਜਾ ਸਿੰਘ ਨੇ ਬੇੜੀਆਂ ਦਾ ਪੁਲ ਵੱਢ ਕੇ ਆਪਣੀ ਹੀ ਫੌਜ ਨੂੰ ਡੁੱਬਣ ਤੇ ਮਜ਼ਬੂਰ ਕੀਤਾ ਸੀ, ਬਕੌਲ ਕੌਮੀ ਕਵੀ ਸ਼ਾਹ ਮੁਹੰਮਦ :

"ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ। ਘਰੀਂ ਨੱਸ ਨਾ ਜਾਵੇ ਇਹ ਫੌਜ ਸਾਰੀ" ਇਸ ਯੁੱਧ ਵਿਚ ਸੂਰਮਗਤੀ ਵਿਖਾਉਣ ਵਾਲੇ ਅਤੇ ਆਪਣੇ ਨਾਲ ਦੇ ਸੈਨਿਕ ਨੂੰ ਆਪਣੇ ਘੋੜੇ ਦੀ ਮੱਦਦ ਨਾਲ ਦਰਿਆ ਪਾਰ ਕਰਵਾਉਣ ਵਾਲੇ ਇਕ ਸਿੱਖ ਸੈਨਿਕ ਬਾਬਾ ਦਰਬਾਰਾ ਸਿੰਘ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣੇ। ਨਾਮਧਾਰੀ ਸਰੋਤਾਂ ਮੁਤਾਬਿਕ ੧੮੭੫ ਈ. ਵਿਚ ਰੰਗੂਨ ਜਾ ਕੇ, ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨ ਵਾਲੇ ਅਤੇ ਨਾਮਧਾਰੀ ਇਤਿਹਾਸ ਅਤੇ ਪੰਥ ਲਈ ਬਹੁਤ ਮਹੱਤਵਪੂਰਨ ਹੁਕਮਨਾਮਾ ਲਿਆਉਣ ਵਾਲੇ, ਬਾਬਾ ਦਰਬਾਰਾ ਸਿੰਘ ਹੀ ਸਨ। ਗੁਰੂ ਹਰੀ ਸਿੰਘ ਜੀ ਵਲੋਂ ਸਰਕਾਰੇ ਦਰਬਾਰੇ ਭੁਗਤਣ ਲਈ ਆਪ ਨੂੰ ਹੀ ਲਗਭਗ ੨੫ ਵਰ੍ਹੇ 'ਮੁਖ਼ਤਿਆਰੇ ਆਮ' ਦੀ ਸੇਵਾ ਵੀ ਬਖ਼ਸ਼ੀ ਗਈ ਸੀ।



ਬਾਬਾ ਦਰਬਾਰਾ ਸਿੰਘ, ਜ਼ਿਲ੍ਹਾ ਲੁਧਿਆਣਾ ਦੇ ਗਰੇਵਾਲ ਸਰਦਾਰਾਂ ਦੇ ਪ੍ਰਸਿੱਧ ਪਿੰਡ ਰਾਇਪੁਰ ਦਾ ਵਸਨੀਕ ਸੀ। ਅੰਗਰੇਜ਼ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਦੀ, ਜ਼ਿਲ੍ਹਾ ਪੁਲਿਸ ਕਪਤਾਨ ਦੁਆਰਾ ਜਿੰਦਰੇ ਵਿਚ ਰੱਖਣ ਵਾਲੀ ਗੁਪਤ ਸੂਚੀ ਵਿਚ ਦਰਜ ਇੰਦਰਾਜ ਮੁਤਾਬਿਕ, ਆਪ ਦੇ ਪਿਤਾ ਜੀ ਦਾ ਨਾਮ, ਮਹਿਤਾਬ ਸਿੰਘ ਸੀ। ਆਪ ਦਾ ਕਿੱਤਾ ਉੱਨ ਦੀਆਂ ਮਾਲਾਂ ਬਨਾਉਣੀਆਂ ਲਿਖਿਆ ਹੈ। ਇਸ ਸਮੇਂ (੧੮੮੧ ਈ.) ਭੈਣੀ ਸਾਹਿਬ ਵਿਚ ਨਿਵਾਸ ਰੱਖਦੇ ਸਨ। ਗੁਰੂ ਹਰੀ ਸਿੰਘ ਜੀ ਨੇ ਆਪ ਨੂੰ ਸੂਬਾ ਥਾਪਿਆ ਸੀ। ਰੰਗ ਪੱਕਾ, ਦਾਹੜਾ ਲੰਬਾ, ਮਜ਼ਬੂਤ ਜੁੱਸਾ, ਕੱਦ ਦਰਮਿਆਨਾ ਅਤੇ ਉਮਰ ਲਗਭਗ ੫੫ ਸਾਲ ਸੀ। ਵਿਸ਼ੇਸ਼ ਲੱਛਣਾਂ ਅਤੇ ਚਾਲ-ਚਲਨ ਵਾਲੇ ਖਾਨੇ ਵਿਚ ਇਹ ਇੰਦਰਾਜ ਹੈ : "ਇਹ ਇਕ ਪ੍ਰਭਾਵਸ਼ਾਲੀ, ਛੇਤੀ ਭੜਕ ਪੈਣ ਵਾਲਾ ਅਤੇ ਬਹੁਤ ਕੱਟੜ ਕੂਕਾ ਹੈ। ਪਹਿਲਾਂ ਉਹ ਥਾਣਾ ਡੇਹਲੋਂ ਦੇ ਪਿੰਡ ਰਾਇਪੁਰ ਦਾ ਲੰਬੜਦਾਰ ਸੀ, ਪ੍ਰੰਤੂ ਉਹਨੇ ਆਪਣੇ ਧਰਮ ਦੀ ਲੋੜ ਵਾਸਤੇ, ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਦਿੱਤੀ ਸੀ। ਸਤੰਬਰ ੧੮੭੩ ਵਿਚ ੧੮੭੨ ਦੇ ਐਕਟ X ਦੀ ਦਫਾ ੫੦੫ ਦੇ ਤਹਿਤ ਉਸ ਤੇ ਮੁਕੱਦਮਾ ਚਲਾਇਆ ਗਿਆ ਸੀ। ਦਿਸੰਬਰ ੧੮੭੫ ਵਿਚ ਉਸ ਤੋਂ ਇਕ ਹਜ਼ਾਰ ਰੁਪੈ ਦੀ ਜ਼ਮਾਨਤ ਮੰਗੀ ਗਈ ਸੀ।"[1]

ਬਾਬਾ ਜੀ ਦੇ ਇਕ ਸੁਚੱਜੇ ਘੋੜ ਸਵਾਰ ਹੋਣ ਅਤੇ ੧੮੪੫-੪੬ ਦੀਆਂ ਜੰਗਾਂ ਵਿਚ ਬਹਾਦਰੀ ਨਾਲ ਭਾਗ ਲੈਣ ਤੋਂ ਮਾਲੂਮ ਹੁੰਦਾ ਹੈ ਕਿ ਰੀਕਾਰਡ ਵਿਚ ਆਪ ਦੀ ਉਮਰ ਕੁਝ ਘੱਟ ਲਿਖੀ ਗਈ ਹੈ ਸੋ ਕਿਸੇ ਵੀ ਤਰ੍ਹਾਂ ਆਪ ਦਾ ਜਨਮ ਵਰ੍ਹਾ ੧੮੨੦ ਈ. ਤੋਂ ਪਛੇਤਾ ਨਹੀਂ ਹੋ ਸਕਦਾ। ਆਪ ਨੇ ਅੰਤਿਮ ਸੁਆਸ, ਗੁਰੂ ਹਰੀ ਸਿੰਘ ਜੀ ਦੇ ਮਾਲਵੇ



Namdhari Elibrary NamdhariElibrary@gmail.com

ਦੇ ਦੌਰੇ ਸਮੇਂ ਜਨਵਰੀ ੧੯੦੧ ਈ. ਵਿਚ ਲਏ। ਇਉਂ ਆਪ ਨੇ ੮੦-੮੧ ਵਰ੍ਹਿਆਂ ਦੀ ਲੰਮੀ ਉਮਰ ਭੋਗੀ ਅਤੇ ਇਸ ਦਾ ਵੱਡਾ ਹਿੱਸਾ, ਪਹਿਲਾਂ ਸਿੱਖ ਸੈਨਿਕ ਦੇ ਨਾਤੇ ਅਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲੇ, ਕੌਮੀ ਸੁਤੰਤਰਤਾ ਸੰਗਰਾਮ ਨੂੰ, ਸਰਫ ਕਰ ਦਿੱਤਾ। ਆਪ ਦੁਆਰਾ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਦਾ ਸਮਾਂ ੧੮੬੦-੬੧ ਈ. ਦਾ ਮਾਲੂਮ ਹੁੰਦਾ ਹੈ। ਕਿਉਂਕਿ ਬਾਹੋਵਾਲ ਜੀ ਵਾਲੇ ਗਰੰਥ ਵਿਚ ਸਾਨੂੰ ਅੰਮ੍ਰਿਤਸਰ ੧੮੬੭ ਈ. ਦੀ ਦੀਵਾਲੀ ਸਮੇਂ ਆਪ ਦੇ ਸਤਿਗੁਰੂ ਜੀ ਨਾਲ ਨਿਕਟ ਸੰਬੰਧਾਂ ਦਾ ਆਭਾਸ ਹੁੰਦਾ ਹੈ ਅਤੇ ਇਹੋ ਜਿਹੇ ਸਬੰਧ ਇਕ ਦਿਨ ਵਿਚ ਤਾਂ ਨਹੀਂ ਬਣਦੇ ਕੁਝ ਵਕਤ ਲੱਗਦਾ ਹੈ। ਇਸ ਦੀਵਾਲੀ ਤੇ ਜਾਂਦੇ ਵਕਤ ਬਾਬਾ ਜੀ ਦੀ ਅਰਜ਼ ਤੇ ਸਤਿਗੁਰੂ ਜੀ ਨੇ ਸੰਗਤ ਦੇ ਵਿਸ਼ਾਲ ਸਮੂਹ ਸਮੇਤ ਆਪ ਦੇ ਨਗਰ ਵਿਖੇ ਦਰਸ਼ਨ ਦਿੱਤੇ। "ਬਾਬੇ ਦਰਬਾਰਾ ਸਿੰਘ ਨੇ ਅਰਜ਼ ਕਰੀ, 'ਜੀ ਰਾਇਪੁਰ ਦੇ ਵਿਚੋਂ ਦੀ ਦਰਸ਼ਨ ਦੇਂਦੇ ਜਾਓ। ਸੰਗਤ ਦੂਰ ਦੂਰ ਤੇ ਇਕੱਠੀ ਹੋਈ ਹੋਈ ਕਿ ਕਈ ਸਾਲ ਕੀ ਬੰਦਸ਼ ਹੋਈ ਹੋਈ ਐਤਕੀ ਮੇਲੇ ਕੋ ਭੀ ਛੁੱਟੀ ਮਿਲ ਗਈ ਹੈ। ਬੇਅੰਤ ਖ਼ਾਲਸਾ ਆਇਆ। ਛੁੱਟੀ ਕੀ ਸਾਰੇ ਦੇਸ ਮੇਂ ਖ਼ਬਰ ਹੋਇ ਗਈ।'

"ਸਤਿਗੁਰੂ ਜੀ ਰਾਇਪੁਰ ਗਏ। ਬਹੁਤ ਖਰਚ ਹੋਣ ਲੱਗਾ। ਬਚਨ ਕੀਤਾ ਏਹ ਸ਼ਬਦ ਪੜੋ-'ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।' ਸਿੰਘ ਏਹ ਸ਼ਬਦ ਪੜ੍ਹਦੇ ਰਹੇ। ਸਭ ਚੀਜ਼ ਮੈਂ ਬਰਕਤ ਪੈ ਜਾਇਆ ਕਰੇ। ਅਤੁੱਟ ਭੰਡਾਰਾ ਵਰਤਿਆ। ਰਾਇਪੁਰ ਮੈਂ ਦੀਵਾਨ ਲੱਗੇ। ਸਿੰਘਾਂ ਕੋ ਮਹਾਂ ਅਨੰਦ ਪ੍ਰਾਪਤ ਹੁਆ। ਤੁਰ ਪਏ ਅਰਦਾਸਾ ਕਰਕੇ, ਮੁੱਠਡੀਂ ਆਇ ਪੜਾਉ ਕੀਤਾ।"[2]

ਦੀਪਮਾਲਾ ੧੮੬੭ ਈ. ਦੀ, ਨਾਮਧਾਰੀ ਇਤਿਹਾਸ ਵਿਚ ਬਹੁਤ ਮਹੱਤਤਾ ਹੈ। ਸਤਿਗੁਰੂ ਜੀ ਨਾਲ ਦਸ ਹਜ਼ਾਰ ਦੇ ਕਰੀਬ ਨਾਮਧਾਰੀ ਸੰਗਤ ਸੀ। ਬਹੁਤ ਸਾਰੇ ਖ਼ਾਲਸਾ ਰਾਜ ਦੇ ਦਰਬਾਰੀਆਂ ਅਤੇ ਸਰਦਾਰ ਘਰਾਣਿਆਂ ਦੇ ਮੁਖੀਆਂ ਨੇ, ਆਪ ਨੂੰ ਸਿਰ ਨਿਵਾ ਕੇ, ਆਪਣੇ ਲੋਕਾਂ ਦਾ ਜਨ ਕਲਿਆਣਕਾਰੀ ਸੁਤੰਤਰ ਰਾਜ ਕਾਇਮ ਕਰਨ ਦੀ, ਆਪ ਦੀ ਭਾਵਨਾ ਦਾ ਸਤਿਕਾਰ ਕੀਤਾ। ਖ਼ਾਸ ਕਰਕੇ ਨਾਬਾਲਿਗ ਮਹਾਰਾਜਾ ਦਲੀਪ ਸਿੰਘ ਦਾ ਰਾਜ ਕਾਜ ਵੇਖਣ ਵਾਲੀ ਕੌਂਸਲ ਦੇ ਉਘੇ ਮੈਂਬਰ, ਸ. ਸ਼ਮਸ਼ੇਰ ਸਿੰਘ ਸੰਧਾ ਵਾਲੀਆ ਆਪਣੇ ਭਰਾਤਾ ਠਾਕੁਰ ਸਿੰਘ ਸਮੇਤ ਦਰਸ਼ਨਾਂ ਨੂੰ ਆਇਆ। ਉਸਨੇ, ਸਤਿਗੁਰੂ ਜੀ ਦੀ ਉਚੀ-ਸੁੱਚੀ ਸਿੱਖ ਰਹੁ ਰੀਤ ਵਿਚ ਮੀਨ-ਮੇਖ ਕੱਢਣ ਲਈ ਅੰਮ੍ਰਿਤਸਰ ਦੇ ਪੁਜਾਰੀ ਭਾਈਚਾਰੇ ਨੂੰ ਵੀ ਖ਼ਰੀਆਂ-ਖ਼ਰੀਆਂ ਸੁਣਾਈਆਂ।[3] ਇੱਥੇ ਹੀ ਰਾਇ ਕੱਲੇ ਦੇ ਵੰਸ਼ਿਜ ਨੇ, ਜੋ ਸ੍ਰੀ ਸਾਹਿਬ (ਜਾਂ ਖੰਡਾ) ਉਸਦੇ ਵਡੇਰੇ ਨੂੰ ਆਪਣੇ ਮਾਲਵੇ ਦੇ ਇਤਿਹਾਸਕ ਸਫਰ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਸ਼ ਕੀਤਾ ਸੀ, ਸਤਿਗੁਰੂ ਜੀ ਦੇ ਅੱਗੇ ਭੇਟ ਕਰ ਦਿੱਤਾ। ਹਜ਼ੂਰ ਨੇ ਸਾਹਿਬਾਂ ਦੇ ਸ਼ਸਤਰ ਨੂੰ ਸੀਸ ਨਾਲ ਲਾ ਕੇ, ਲਿਆਉਣ ਵਾਲੇ ਨੂੰ ਕਿਹਾ ਕਿ ਜੇ ਤੁਸੀਂ ਇਸ ਨੂੰ ਮਰਿਆਦਾ ਪੂਰਵਕ ਆਪਣੇ ਪਾਸ ਨਹੀਂ ਰੱਖ ਸਕਦੇ ਤਾਂ ਸ੍ਰੀ ਅਨੰਦਪੁਰ ਸਾਹਿਬ ਤਖਤ ਕੇਸਗੜ੍ਹ ਸਾਹਿਬ ਵਿਖੇ, ਜਿੱਥੇ ਸਤਿਗੁਰੂ ਜੀ ਦੇ ਹੋਰ ਸ਼ਸ਼ਤਰ ਪਏ ਹਨ ਉੱਥੇ ਪੁਚਾ ਦਿਉ। ਆਮ ਲੋਕਾਂ ਦੇ ਦੂਹਰੇ ਕਿਰਦਾਰ ਤੋਂ ਕੁਝ ਚਿੰਤਾਤੁਰ ਹੋ ਕੇ, ਸਤਿਗੁਰੂ ਜੀ ਸਿੱਖਾਂ ਨੂੰ ਮਗਰ ਨਾ ਆਉਣ ਦੀ ਤਾੜਨਾ ਕਰਕੇ ਸੰਗਤ ਵਿਚੋਂ ਛੋਹਲੇ ਕਦਮੀਂ ਪਾਸੇ ਹੋ ਤੁਰੇ। ਇਸ ਸਮੇਂ ਦੋ ਪਰਮੁੱਖ ਸੂਬੇ ਬਾਬਾ ਜਵਾਹਰ ਸਿੰਘ ਅਤੇ ਸੂਬਾ ਸਾਹਿਬ ਸਿੰਘ ਅਤੇ ਤੀਜੇ ਬਾਬਾ ਦਰਬਾਰਾ ਸਿੰਘ ਜੀ ਵਿਸ਼ੇਸ਼ ਯਤਨਾਂ ਦੁਆਰਾ ਸਤਿਗੁਰੂ ਜੀ ਨੂੰ ਮਨਾਉਣ ਵਿਚ ਸਫਲ ਹੋਏ। "ਗੁਰੂ ਜੀ ਬਚਨ ਕੀਤਾ ਮੈਂ ਤਾਂ ਚੱਲਦਾ ਹਾਂ ਪਰ ਮੇਰੇ ਚਰਨੀਂ ਹੱਥ ਨਾ ਲਾਓ। ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਕਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀਂ ਹੱਥ ਕਿਉਂ ਲਾਉਂਦੇ ਹੈ?"[4]

੧੮੬੯ ਈ. ਦੀ ਵੈਸਾਖੀ ਤੇ ਵੀ ਸਤਿਗੁਰੂ ਜੀ ਨੇ ਫਿਰ ਸੰਗਤ ਸਮੇਤ ਅੰਮ੍ਰਿਤਸਰ ਦਰਸ਼ਨ ਦਿੱਤੇ ਸਨ। ਵਾਪਸੀ ਤੇ ਆਪ ਰਾਤ ਚੋਗਾਵੇਂ ਪਿੰਡ ਵਿਚ ਰੁਕੇ। ਇਸ ਦੌਰੇ ਸਮੇਂ ਵੀ ਬਾਬਾ ਦਰਬਾਰਾ ਸਿੰਘ ਨਾਲ ਹੀ ਸੀ। ਇੱਥੇ ਸਤਿਗੁਰੂ ਜੀ ਨੇ, ਅੰਗਰੇਜ਼ ਸਰਕਾਰ ਵਿਰੁੱਧ ਵਿੱਢੇ ਆਪਣੇ ਫੈਸਲਾਕੁੰਨ ਘੋਲ ਦੇ ਅੰਤਕੀ ਨਤੀਜੇ ਨੂੰ ਸਾਹਮਣੇ ਰੱਖਦਿਆਂ ਅਤੇ ਉਸ ਸੂਰਤ ਵਿਚ ਆਪਣੇ ਅਨੁਆਈਆਂ ਨੂੰ ਧੀਰਜ ਬੰਨ੍ਹਾਉਣ ਲਈ ਉਹਨਾਂ ਨੂੰ ਭਾਣੇ ਵਿਚ ਅਡੋਲ ਰਹਿਣ ਦਾ ਸੰਦੇਸ਼ ਵੀ ਬਾਬਾ ਦਰਬਾਰਾ ਸਿੰਘ ਦੀ ਮਾਰਫਤ ਹੀ ਦਿੰਦੇ ਹਨ। "ਖੁਸ਼ੀ ਸੇ ਰਾਤ ਕੋ ਬਚਨ ਕੀਤਾ ਬਾਬੇ ਦਰਬਾਰਾ ਸਿੰਘ ਕੋ ਕਿ ਮੈਨੂੰ ਫਰੰਗੀ ਜ਼ਰੂਰ ਹੱਥ ਪਾਵਣਗੇ। ਮੈਨੂੰ ਦੇਸਾਂ ਪ੍ਰਦੇਸਾਂ ਕੋ ਲੈ ਜਾਣਗੇ। ਮੈਨੂੰ ਮਰ ਗਿਆ ਲਿਖਣਗੇ ਪਰ ਤੁਸੀਂ ਨਹੀਂ ਮੰਨਣਾ ਕਿ ਮਰ ਗਿਆ ਹੈ। ਮੈਂ ਅਗਨੀ ਨਾਲ ਜਲਦਾ ਨਹੀਂ, ਪਾਣੀ ਵਿਚ ਡੁੱਬਦਾ ਨਹੀਂ, ਪੌਣ ਨਾਲ ਉਡਦਾ ਨਹੀਂ। ਮੈਂ ਏਹ ਝੂਠੇ ਕਰਕੇ ਮਾਰਨੇ ਹਨ। ਤਦ ਆਵਾਂਗੇ ਜਦ ਸਾਰੀ ਪ੍ਰਿਥੀ ਨਿਰਾਸ ਹੋ ਜਾਵੇਗੀ। ਸਮਾਂ ਬਹੁਤ ਬੁਰਾ ਆਵੇਗਾ।"[5]

ਬਾਬਾ ਦਰਬਾਰ ਸਿੰਘ ਜੀ ਦੇ ਜੀਵਨ ਦੇ, ਸਤਿਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਅਤੇ ਬਾਅਦ ਦੇ ਵੇਰਵਿਆਂ ਦਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਵੀ ਕਾਫੀ ਵਰਣਨ ਮਿਲਦਾ ਹੈ। ਤਿੰਨ ਸੰਦਰਭਾਂ ਵਿਚ



Namdhari Elibrary NamdhariElibrary@gmail.com

ਬਾਬਾ ਜੀ ਦਾ ਵੇਰਵਾ ਮਿਲਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਔਰਤ ਜਾਤੀ ਤੇ ਜੋ ਮਹਾਨ ਉਪਕਾਰ ਕੀਤੇ ਉਹਨਾਂ ਵਿਚ ਸ਼ਾਮਲ ਹੈ, ਜੰਮਦੀਆਂ ਲੜਕੀਆਂ ਨੂੰ ਮਾਰਨ ਦਾ ਕਲੰਕ, ਜੱਟ ਸਿੱਖ ਸਮਾਜ ਦੇ ਮੱਥੇ ਤੇ ਬਹੁਤ ਵੱਡਾ ਸੀ। ਜੱਟਾਂ ਵਿਚ ਵੀ ਸਰਹਾਲੀ ਗਿਰਦੇ ਦੇ ਸੰਧੂ ਅਤੇ ਰਾਇਪੁਰ ਦੁਆਲੇ ਦੇ ਗਰੇਵਾਲਾਂ ਤਾਂ ਆਪਣੇ ਪਿੰਡਾਂ ਵਿਚ ਲੜਕੀ ਨਾ ਬਚਣ ਦੇਣ ਦੀ ਜਿਵੇਂ ਸਹੁੰ ਖਾਧੀ ਹੋਵੇ। ਇਸੇ ਤਰ੍ਹਾਂ ਰਾਇਪੁਰ ਅਮਲੀਆਂ ਦਾ ਮਸ਼ਹੂਰ ਪਿੰਡ ਸੀ। ਸਤਿਗੁਰੂ ਜੀ ਨੇ ਆਪਣੇ ਨਸ਼ਾ ਮੁਕਤੀ ਅਭਿਆਨ ਦਾ ਸਿਖਰ ਵੀ ਰਾਇਪੁਰ ਵਿਚ ਵੇਖਿਆ, ਜਿੱਥੇ ਦਰਬਾਰ ਸਿੰਘ ਤੇ ਧੌਂਕਲ ਸਿੰਘ ਜਿਹੇ ਅਮਲੀਆਂ ਨੂੰ ਨਸ਼ੇ ਛੁਡਾ ਕੇ ਨਾਮ ਦੇ ਨਸ਼ੇ ਨਾਲ ਜੋੜ ਕੇ, ਵਡੇਰੇ ਜੀਵਨ ਮਨੋਰਥ ਦੇ ਲੜ ਲਾ ਦਿੱਤਾ। ਇਸੇ ਤਰ੍ਹਾਂ ਰੰਗੂਨ ਵਿਚ ਸਤਿਗੁਰੂ ਦਰਸ਼ਨਾਂ ਦਾ ਮੁੱਢ ਬੰਨ੍ਹਣ ਲਈ ਵੀ ਆਪ ਬਾਬਾ ਜੀ ਨੂੰ ਯਾਦ ਕਰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਾਬਾ ਜੀ ਦੀ ਸੰਗਤ ਵੀ ਮਾਣੀ ਉਹਨਾਂ ਦੇ ਨਾਲ ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ ਇਕ ਘੋੜੇ ਦੀ ਸਵਾਰੀ ਕੀਤੀ ਅਤੇ ਬਾਬਾ ਜੀ ਦਾ ਦੇਹਾਂਤ ਵੀ ਆਪ ਦੇ ਸਾਹਵੇਂ ਹੀ ਹੋਇਆ। ਸਤਿਗੁਰੂ (ਪ੍ਰਤਾਪ ਸਿੰਘ) ਜੀ ਫੁਰਮਾਉਂਦੇ ਹਨ:-

"ਬਾਬੇ ਦਰਬਾਰਾ ਸਿੰਘ ਜੀ ਰਾਇਪੁਰ ਦੇ ਸਨ। ਮੈਂ ਉਹਨਾਂ ਦੇ ਦਰਸ਼ਨ ਰੱਜ ਕੇ ਕੀਤੇ ਹਨ। ਇਹ ਉਹ ਮਹਾਂਪੁਰਸ਼ ਹਨ, ਜਿਨ੍ਹਾਂ ਸਭ ਤੋਂ ਪਹਿਲਾਂ ਸਤਿਗੁਰਾਂ ਦਾ ਰੰਗੂਨ ਦਰਸ਼ਨ ਕੀਤਾ ਹੈ। ਮੈਨੂੰ ਉਹਨਾਂ ਨੇ ਆਪਣੀ ਜ਼ਬਾਨੀ ਗੱਲਾਂ ਸੁਣਾਈਆਂ ਛੋਟਾ ਸਾਂ ਭਾਵੇਂ, ਘੋੜਿਆਂ ਦੇ ਚੜ੍ਹਨ ਦਾ ਉਹਨਾਂ ਨੂੰ ਵੀ ਸ਼ੌਕ ਸੀ, ਮੈਂ ਉਹਨਾਂ ਦੇ ਨਾਲ ਚੜ੍ਹਦਾ ਰਿਹਾ ਹਾਂ। ਮੇਰੀ ਗਿਆਰਾਂ ਸਾਲ ਦੀ ਉਮਰ ਸੀ ਜਦੋਂ ਉਹਨਾਂ ਦਾ ਸਰੀਰ ਮੁਕਤਸਰ ਚੜ੍ਹਿਆ ਹੈ (ਸੰਨ) ੧੯੦੧ ਵਿਚ। ਉਹ ਆਂਹਦੇ ਸੀ, "ਮੇਰਾ ਇਹ ਹਾਲ ਸੀ-ਉਹਨਾਂ ਦਿਨਾਂ 'ਚ ਫੀਮ ਦੀ ਬੰਦਿਸ਼ ਨਹੀਂ ਸੀ-ਜਿਹੜੇ ਬੰਨ੍ਹੇ ਜੰਗਲ ਜਾਣਾ ਉਧਰ ਦਰਖਤਾਂ ਨੂੰ 'ਫ਼ੀਮ ਲਾ ਆਉਣੀ ਕਿ ਕੱਲ੍ਹ ਨੂੰ ਫਿਰ ਆਵਾਂਗੇ ਤੇ ਇਥੋਂ ਲਾਹ ਕੇ ਖਾਵਾਂਗੇ।" ਆਂਹਦੇ ਸੀ, "ਮੈਂ ਸ਼ਰਾਬ ਜਦੋਂ ਕੱਢਦਾ ਸਾਂ, ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮੈਂ ਲਾਹਣ 'ਚ ਪਾਉਂਦਾ ਹੁੰਦਾ ਸਾਂ, ਹੋਰ ਚੀਜ਼ਾਂ ਤੋਂ ਵਖਰਿਆ।" ਸਤਿਗੁਰਾਂ ਕੀਤੀ ਬਖਸ਼ਿਸ਼। ਡੱਬੀ ਸੁੱਟ ਦਿੱਤੀ, ਮੁੜ ਨਹੀਂ ਖਾਧੀ, ਮੁੜ ਨਹੀਂ ਪੀਤੀ, ਮੁੜ ਕੁਛ ਨਹੀਂ ਕੀਤਾ-ਹਮ ਐਸੋ ਥੇ ਨੀਚ ਮਿਲੇ ਸੁਖ ਧੌਰਾ-ਇਹ ਸੁਖ ਦਿੱਤੇ।... ਰਾਏਪੁਰ ਦੀ ਮਸ਼ਹੂਰ ਗੱਲ ਸੀ ਕਿ ਰਾਏਪੁਰ ਦੇ ਤਾਂ ਖੋਤੇ ਭੀ ਅਮਲੀ ਹਨ, ਕਿਉਂਕਿ ਪੋਸਤ ਏਨਾ ਲੋਕ ਪੀਂਦੇ ਸਨ, ਟਿੰਡਾਂ ਗਲ 'ਚ ਪਾ ਕੇ ਰੱਖਦੇ ਹਰ ਵੇਲੇ ਪੋਸਤ ਦੀਆਂ, ਮਲ ਮਲ ਕੇ ਪੀਈ ਜਾਣਾ।"[6] ਟਿੰਡਾਂ ਵਿਚੋਂ ਸੁੱਟਿਆ ਫੋਗ ਚੁੱਕ ਕੇ ਗਧੇ ਖਾ ਜਾਂਦੇ ਸਨ।

ਸ਼ਬਦ ਦੀ ਸ਼ਕਤੀ ਦਾ ਕਮਾਲ ਵਾਰਿਸ ਸ਼ਾਹ ਦੀ ਹੀਰ ਵਿਚ ਵੇਖਣ ਨੂੰ ਮਿਲਦਾ ਹੈ। ਜਦੋਂ ਬੇੜੀ ਵਿਚ ਆਪਣੀ ਸੇਜ ਤੇ ਸੁੱਤੇ ਰਾਂਝੇ ਨੂੰ ਵੇਖ ਕੇ, ਕ੍ਰੋਧਵਾਨ ਹੋਈ ਹੀਰ, ਉਸਨੂੰ ਛਮਕਾਂ ਮਾਰਨ ਆ ਰਹੀ ਹੈ ਤਾਂ ਰਾਂਝੇ ਦੇ ਮੁੱਖੋਂ ਨਿਕਲੇ ਦੋ ਸ਼ਬਦਾਂ ਨਾਲ ਹੀ, ਗੱਲ ਬਣ ਗਈ ਸੀ :

"ਰਾਂਝੇ ਉਠ ਕੇ ਆਖਿਆ ਵਾਹ ਸੱਜਣ! ਹੀਰ ਹੱਸ ਕੇ ਤੇ ਮਿਹਰਬਾਨ ਹੋਈ।"

ਇਉਂ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਵੀ, ਸਤਿਗੁਰੂ ਜੀ ਨੇ ਅਫੀਮ ਨਾ ਖਾਣ ਲਈ, ਇਉਂ ਆਦੇਸ਼ਾਤਮਕ ਸੁਰ ਵਿਚ ਜੋ ਬੋਲ ਉਚਾਰੇ ਸਨ, ਉਹਨਾਂ ਦਾ ਜਾਦੂਈ ਅਸਰ ਵਾਪਰ ਗਿਆ। ਪਰਿਵਰਤਨ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਇਉਂ ਚਲਦਾਂ ਹੈ :-

"ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਿੱਦਣ ਕਿਰਪਾ ਕਰੀ, ਸਤਿਗੁਰਾਂ ਕਿਹਾ, "ਸਿੱਟ ਦੇ ਦਰਬਾਰਾ ਸਿਹਾਂ ਡੱਬੀ।" ਉੱਥੇ ਹੀ ਸੁੱਟ ਦਿੱਤੀ ਮੁੜ ਕੇ ਨਹੀਂ ਦੇਖੀ।"[7]

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਰੰਗੂਨ ਵਿਚ ਜਾ ਕੇ ਜਲਾਵਤਨ ਸਤਿਗੁਰੂ ਜੀ ਤੋਂ ਹੁਕਮਨਾਮਾ ਪ੍ਰਾਪਤ ਕਰਨ ਵਿਚ ਪਹਿਲ ਕਰਨ ਸਦਕਾ ਨਾਮਧਾਰੀ ਇਤਿਹਾਸ ਵਿਚ ਬਾਬਾ ਜੀ ਦਾ ਮੋਢੀਆਂ ਵਾਲਾ ਸਥਾਨ ਨਿਸਚਿਤ ਹੁੰਦਾ ਹੈ। ਆਪਣੇ ਦੇਸ਼ ਦੀ ਮਿੱਟੀ ਨਾਲ ਪ੍ਰੇਮ, ਉਹਨਾਂ ਦੇ ਖ਼ੂਨ ਵਿਚ ਰਚਿਆ ਸੀ। ਸਭਰਾਵਾਂ ਦੀ ਜੰਗ ਵਰ੍ਹੇ ਬੀਤਣ ਬਾਅਦ ਵੀ ਉਹਨਾਂ ਦੇ ਦਿਲ ਦਿਮਾਗ ਨੂੰ ਕੁਰੇਦਦੀ ਰਹਿੰਦੀ ਸੀ ਕਿ ਜਿੱਤੀਆਂ ਫੌਜਾਂ ਕਿਵੇਂ ਆਗੂਆਂ ਦੀ ਗੱਦਾਰੀ ਕਰਕੇ ਅੰਗਰੇਜ਼ਾਂ ਤੋਂ ਹਾਰ ਗਈਆਂ। ਵਿਦੇਸ਼ੀ ਹਾਕਮਾਂ ਤੋਂ ਆਪਣੀ ਧਰਤੀ ਨੂੰ ਮੁਕਤ ਕਰਾਉਣ ਦੀ ਲਾਲਸਾ ਤੋਂ ਉਹ ਤਾ ਜੀਵਨ ਮੁਕਤ ਨਹੀਂ ਹੋ ਸਕੇ। ਸਭਰਾਵਾਂ ਤੋਂ ਬਾਅਦ ਅਨੇਕਾਂ ਹੋਰ ਜੰਗਾਂ ਮੁਲਤਾਨ, ਚਿੱਲੀਆਂ ਵਾਲਾ, ਰਾਮਨਗਰ, ਗੁਜਰਾਤ ਆਦਿ ਦੇ ਭੇੜਾਂ ਬਾਅਦ ਜਦੋਂ ੧੪ ਮਾਰਚ ੧੮੪੯ ਨੂੰ ਰਾਵਲਪਿੰਡੀ ਵਿਚ ਗਿਲਬਰਟ ਦੇ ਸਾਹਮਣੇ ਸਿੱਖ ਸੈਨਿਕਾਂ ਨੇ ਆਪਣੇ ਹਥਿਆਰ ਰੱਖੇ ਤਾਂ ਇਸ ਸਮੇਂ ਵੀ ਭਾਵੇਂ ਉਹ ਭੁੱਖੇ ਅਤੇ ਥੱਕੇ ਹੋਏ ਸਨ, ਉਹਨਾਂ ਦੀ ਰੂਹ ਮੁਰਝਾਈ ਨਹੀਂ ਸੀ ਜਿਸਦਾ ਵੇਰਵਾ ਕਈ ਅੰਗਰੇਜ਼ ਸੈਨਿਕ ਅਧਿਕਾਰੀ ਆਪਣੀਆਂ ਲਿਖਤਾਂ ਵਿਚ ਕਰਦੇ ਸਨ। ਇਸ ਮੌਕੇ ਕਈਆਂ ਦੇ ਨੇਤਰਾਂ ਵਿਚੋਂ ਹਥਿਆਰਾਂ ਦੇ ਵਿਛੋੜੇ ਦੇ ਅੱਥਰੂ ਵੀ ਸਨ, ਕੁਝ ਕਹਿ ਰਹੇ ਸਨ : "ਰਣਜੀਤ ਸਿੰਘ ਅੱਜ ਮਰਿਆ ਹੈ। ਕਈਆਂ ਨੂੰ ਅੰਗਰੇਜ਼ ਸੈਨਿਕਾਂ ਨੇ ਪੁੱਛਿਆ, "ਕੀ ਤੁਸੀ ਥੱਕ ਚੁੱਕੇ ਹੋ। ਹੁਣ ਹੋਰ ਨਹੀਂ ਲੜਨਾ ਚਾਹੁੰਦੇ?" ਉਹਨਾਂ ਦਾ ਜੁਆਬ ਸੀ ਅਸੀਂ ਕੋਈ ਥੱਕੇ ਨਹੀਂ, ਮੁੜ ਲੜਨਾ ਚਾਹੁੰਦੇ ਹਾਂ ਅਤੇ ਜੇ ਤੁਸੀਂ ਲੜਾਈ ਦੇ ਨੈਤਿਕ ਅਸੂਲਾਂ ਤੇ ਚੱਲੋ


Namdhari Elibrary NamdhariElibrary@gmail.com

ਅਤੇ ਸਾਡੇ ਆਗੂ ਜਰਨੈਲ ਖਰੀਦਣ ਵਰਗੀਆਂ ਹੇਰਾਫੇਰੀਆਂ ਨਾ ਕਰੋ ਤਾਂ ਅਸੀਂ ਤੁਹਾਨੂੰ ਭਾਂਜ ਦੇਣ ਦੇ ਅਜੇ ਵੀ ਸਮਰੱਥ ਹਾਂ।[8] ਲੜਨ ਦੀ ਇਸ ਜਿਉਂਦੀ ਭਾਵਨਾ ਵਾਲੇ ਸੈਨਿਕ ਹੀ, ਬਾਬਾ ਦਰਬਾਰਾ ਸਿੰਘ ਜਿਉਂ ਕੂਕਾ ਅੰਦੋਲਨ ਵਿਚ ਛੇਤੀ ਹੀ ਕੁੱਦ ਪਏ ਸਨ। ਸਭਰਾਵਾਂ ਦਾ ਸੈਨਿਕ ਹੋਣ ਨਾਤੇ, ਜਿਸ ਲੜਾਈ ਵਿਚ ਆਪ ਨੇ ਕਈ ਸੈਨਿਕ ਦਰਿਆ ਪਾਰ ਕਰਾਏ, ਅੰਗਰੇਜ਼ ਸਰਕਾਰ ਦੀ ਕਰੜੀ ਨਜ਼ਰ ਦੇ ਆਪ ਉਮਰ ਭਰ ਸ਼ਿਕਾਰ ਰਹੇ, ਇਸ ਲਈ ਆਪ ਨੂੰ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਅਜਿਹੇ ਵਿਅਕਤੀ ਦਾ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦੇਸੋਂ ਬਾਹਰ ਜਾਣਾ ਜੋਖਮ ਵਾਲਾ ਕੰਮ ਸੀ। ਪਹਿਲਾਂ ਤਾਂ ਆਪ ਨੇ ਪੁਲੀਸ ਕਪਤਾਨ ਲੁਧਿਆਣਾ ਐਸ. ਪੀ. ਵਾਰਬਰਟਨ ਦੀ ਮੇਮ ਤੋਂ, ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਕੱਢੀ ਅਤੇ ਫਿਰ ਉੱਥੇ ਕਿਵੇਂ ਪੁੱਜ ਕੇ ਦਰਸ਼ਨ ਕੀਤਾ, ਇਹ ਹਿਰਦੇ ਵੇਧਕ ਕਥਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਨਾਮਧਾਰੀ ਸੰਗਤਾਂ ਨੂੰ ਵਾਰ ਵਾਰ ਸੁਣਨ ਨੂੰ ਮਿਲਦੀ ਰਹੀ ਹੈ :

"ਇਹਨਾਂ ਬਾਬਾ ਜੀ ਤੇ ਅਖੀਰ ਤਕ ਨਿਗਰਾਨੀ ਰਹੀ, ਕਿਉਂਕਿ ਇਹ ਅੰਗਰੇਜ਼ ਦੇ ਵਿਰੁੱਧ ਸਭਰਾਵਾਂ ਦੀ ਲੜਾਈ 'ਚ ਲੜੇ ਸਨ। ਮੈਨੂੰ ਵੀ ਹੋਸ਼ ਹੈ, ਜਦੋਂ ਇਹਨਾਂ ਦੀ ਪੁੱਛ ਗਿੱਛ ਵਾਸਤੇ ਫਿਰ ਵੀ ਆਉਂਦੇ ਜਾਂਦੇ ਰਹਿੰਦੇ ਸਨ, ਕਿਉਂ ਬਾਗੀਆਂ ਵਿਚੋਂ ਸਨ-ਇਹ ਮੈਨੂੰ ਉਹਨਾਂ ਦੱਸਿਆ ਸੀ, "ਬਈ ਤੇਰਾਂ ਆਦਮੀ ਅਸੀਂ-ਉਸ ਵੇਲੇ ਜਦੋਂ ਭਾਂਜ ਪਈ ਹੈ-ਆਪਣੇ ਘੋੜੇ ਨਾਲ ਪਾਰ ਲੰਘਾਏ ਸਨ। ਚੀਨਾ ਸਾਡਾ ਘੋੜਾ ਸੀ,... ਕਿਸੇ ਦੁਮਚੀ ਫੜ ਲਈ, ਕਿਸੇ ਪੂਛ ਫੜ ਲਈ, ਉਤੇ ਘੋੜੇ ਦੇ ਸਮਾਨ ਸੀ, ਕਿਸੇ ਤਾਹਰੂ ਫੜ ਲਿਆ, ਕਿਸੇ ਨੇ ਕੁਝ ਫੜ ਲਿਆ, ਡੁੱਬਦੇ ਹੋਏ ਤੇਰਾਂ ਆਦਮੀ ਪਾਰ ਕੀਤੇ ਸਨ।"

..."ਇਹ ਗੁਰਦੁਆਰੇ ਭੈਣੀ ਸਾਹਿਬ ਰਹਿੰਦੇ ਸਨ। ਭੈਣੀ ਸਾਹਿਬ ਰਹਿੰਦਿਆਂ ਹੋਇਆ ਕੋਈ ਗੁਰਦੁਆਰੇ ਦਾ ਕੰਮ ਹੁੰਦਾ ਸੀ ਤਾਂ ਲੁਧਿਆਣੇ ਇਹ ਜਾਂਦੇ ਸਨ, ਸੌਦੇ ਬਲਾਏ ਜਾਂਦੇ ਸਨ। ਮੇਮ ਜਿਹੜੀ ਬਾਰ ਬਟਨ ਦੀ ਸੀ, ਉਹ ਕਹਿੰਦੀ ਹੈ ਇਹਨਾਂ ਨੂੰ ਗਿਆ ਨੂੰ, ਤੁਹਾਨੂੰ ਬਾਬਾ ਸਾਹਿਬ ਦਾ ਪਤਾ ਹੈ-ਬਾਬਾ ਰਾਮ ਸਿੰਘ ਜੀ ਕਿੱਥੇ ਹਨ, ਤੁਹਾਡੇ ਗੁਰੂ ?"

"ਤਾਂ ਬਾਬੇ ਹੋਰੀਂ ਆਖਣ ਲੱਗੇ," "ਸਾਨੂੰ ਤਾਂ ਕੋਈ ਪਤਾ ਨਹੀਂ ਮਹਾਰਾਜ।"

"ਬਾਰਬਟਨ ਉਹਨੂੰ ਘੂਰੇ," "ਤੂੰ ਕਿਉਂ ਦੱਸਦੀ ਹੈਂ।" ਉਹ ਕਹੇ, "ਕਿਆ ਹਰਜ ਹੈ, ਇਨ੍ਹਾਂ ਦੇ ਗੁਰੂ ਨੇ।"

"ਤਾਂ ਉਸਨੇ ਦੱਸਿਆ ਕਿ ਸਤਿਗੁਰੂ ਰੰਗੂਨ ਵਿਚ ਹਨ, ਇੱਥੋਂ ਕਲਕੱਤੇ ਜਾਈਦਾ ਹੈ, ਕਲਕੱਤਿਉਂ ਜਹਾਜ਼ ਜਾਂਦਾ ਹੈ, ਪੰਜਾਂ ਛਿਆਂ ਦਿਨਾਂ 'ਚ ਉਦੋਂ ਜਹਾਜ਼ ਆਉਂਦਾ ਸੀ, ਜਹਾਜ਼ ਤੋਂ ਉੱਤਰ ਕੇ ਫਲਾਣੇ ਪਾਸੇ, ਫਲਾਣੀ ਸੜਕ ਤੇ ਬੰਗਲਾ ਹੈ, ਤਿੰਨ ਸਾਲ ਬਾਅਦ ਇਹ ਪਤਾ ਲੱਗਾ।

"ਹੁਣ ਉਹਨਾਂ ਸਿੱਖਾਂ ਦੇ ਚਿਤ ਵਿਚ ਖਿੱਚ ਸੀ, ਉਨ੍ਹਾਂ ਨੂੰ ਉਹ ਕਿਵੇਂ ਗੱਲਾਂ ਭੁੱਲਦੀਆਂ ਸਨ। ਉਹ ਬਾਹਰ ਆ ਕੇ ਸਾਰੀ ਚੀਜ਼ ਨੋਟ ਕਰਕੇ ਆਏ ਭੈਣੀ ਸਾਹਿਬ, ਗੁਰੂ ਹਰੀ ਸਿੰਘ ਜੀ ਕੋਲ ਅਜੇ ਗੁਰੂ ਹਰੀ ਸਿੰਘ ਦਾ ਨਾਮ ਹਰੀ ਸਿੰਘ ਸਤਿਗੁਰਾਂ ਨਹੀਂ ਸੀ ਰੱਖਿਆ-ਆ ਕੇ ਦੱਸਿਆ। (ਗੁਰੂ ਹਰੀ ਸਿੰਘ ਜੀ) ਕਹਿਣ ਲੱਗੇ, "ਭਾਈ, ਫਿਰ ਤੂੰ ਹੀ ਜਾਹ, ਹੋਰ ਹੁਣ ਕੌਣ ਜਾਵੇ ਤੇ ਕਿਸ ਤਰ੍ਹਾਂ ਜਾਵੇ।"

"ਬਾਬਾ ਜੀ ਨੇ ਇਕ ਮਹੀਨੇ ਦੀ ਛੁੱਟੀ ਲਈ, ਭੈਣੀ ਸਾਹਿਬ 'ਚੋਂ ਤਾਂ ਨਿਕਲੇ। ਕਹਿੰਦੇ, "ਮੇਰਾ ਪੁੱਤਰ ਰਹਿੰਦਾ ਹੈ ਪਟਿਆਲੇ, ਉਹ ਨੌਕਰ ਹੈ, ਮੈਂ ਉਹਦੇ ਕੋਲ ਜਾਣਾ ਹੈ।"

"ਪਟਿਆਲੇ ਆ ਕੇ ਉਸਨੂੰ ਕਹਿ ਦਿੱਤਾ, "ਮੈਂ ਤਾਂ ਜਾਣਾ ਹੈ ਚਲਿਆ, ਜੇ ਕੋਈ ਪੁੱਛੇ ਤੂੰ ਕਹੀਂ ਕਿ ਅੰਦਰ ਬੈਠਾ ਭਜਨ ਕਰਦਾ ਰਹਿੰਦਾ ਹੈ, ਨਿਕਲਦਾ ਨਹੀਂ-ਬਾਹਰ, ਕਿਤੇ ਰਾਤ ਨੂੰ ਜੰਗਲ ਜਾਂਦੈ।"

"ਜਦੋਂ ਕੋਈ ਪੁੱਛਣ ਆਵੇ ਉਹਨੂੰ ਇਵੇਂ ਕਹਿ ਛੱਡਣਾ-ਜਿਸ ਤਰ੍ਹਾਂ ਸੁਭਾਸ਼ ਜੀ ਇਥੋਂ ਨਿਕਲੇ ਹਨ-ਪਤਾ ਕਿਸ ਤਰ੍ਹਾਂ ਹੋ ਸਕਦਾ ਸੀ। ਫਿਰ ਬਾਬਾ ਜੀ ਗਏ ਰੰਗੂਨ। ਉਹਨਾਂ ਦਿਨਾਂ 'ਚ ਸੱਚੇ ਪਾਤਸ਼ਾਹ ਬੱਘੀ ਤੇ ਚੜ੍ਹ ਕੇ ਬਾਹਰ ਜਾਂਦੇ ਸਨ। ਦਰਸ਼ਨ ਕੀਤਾ। ਫਿਰ ਉਹਨਾਂ (ਸਤਿਗੁਰਾਂ) ਉਲਾਂਭਾ ਦਿੱਤਾ-ਮੌਜ ਦੇ ਮਾਲਕ ਹਨ-"ਕਿਸੇ ਦੀ ਵੱਛੀ ਗੁਆਚ ਜਾਏ, ਤੁਸਾਂ ਤਾਂ ਮੇਰਾ ਵੱਛੀ ਜਿੰਨਾ ਵੀ ਫਿਕਰ ਨਹੀਂ ਕੀਤਾ।" ਫਿਰ ਆਖਿਆ, "ਜੇ ਮੁਰਗੀ ਦਾ ਬੱਚਾ ਗੁਆਚ ਜਾਏ, ਤੁਸੀਂ ਮੇਰਾ ਓਨਾ ਫਿਕਰ (ਵੀ) ਨਹੀਂ ਕੀਤਾ।"

"ਬਾਬੇ ਹੁਰਾਂ ਹੱਥ ਜੋੜ ਕੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਅਸੀਂ ਕੀ ਭਾਲ ਕਰ ਸੱਕਦੇ ਸਾਂ, ਸਾਨੂੰ ਤੇ ਹੁਣ ਵੀ ਕੋਈ ਪਤਾ ਨਹੀਂ ਸੀ ਲੱਗਦਾ, ਇਹ ਭੀ ਤੁਸਾਂ ਕਿਰਪਾ ਕੀਤੀ ਹੈ, ਉਹ ਮੇਮ ਦੇ ਅੰਦਰ ਵੱਸੇ ਹੋ ਤੇ ਸਾਨੂੰ ਪਤਾ ਲੱਗਾ ਹੈ।"

ਕਹਿਣ ਲੱਗੇ, "ਲੰਗਰ ਦਾ ਕੀ ਹਾਲ ਹੈ ?"....

... "ਤਾਂ, ਬਾਬਾ ਜੀ ਗਏ, ਸਤਿਗੁਰਾਂ ਪਹਿਲਾਂ ਲੰਗਰ ਦੀ ਗੱਲ ਪੁੱਛੀ, ਫਿਰ ਇਕ ਹੁਕਮਨਾਮਾ ਲਿਖ ਕੇ ਦਿੱਤਾ, ਕਿਉਂਕਿ ਹੁਕਮਨਾਮੇ ਸਾਡੇ ਕੋਲ ਸਾਰੇ ਨਹੀਂ। ਕਈਆਂ ਦਾ ਅੱਧ-ਅੱਧ ਸਾਨੂੰ ਮਿਲਿਐ, ਉਸ ਵੇਲੇ ਸੜ ਗਏ, ਅੰਗਰੇਜ਼ ਲੈ ਗਏ-ਉਹ ਹੁਕਮਨਾਮਾ ਜੀਹਦੇ 'ਚ ਲਿਖਿਆ ਸੀ, "ਇਸਦਾ ਨਾਉਂ ਅੱਜ ਤੋਂ ਹਰੀ ਸਿੰਘ ਰੱਖਿਆ ਹੈ, ਔਰ ਇਸਨੂੰ ਸਿਰ ਕਰਤਾ ਜਾਣਨਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ"... ਕਹਿ ਦਿੱਤਾ, "ਮੇਰੀ ਜਗ੍ਹਾ ਇਹ ਹਰੀ ਰੱਖੇਗਾ-ਸਿੱਖੀ।"[9]

ਸੋ ਆਪਣੀ ਜਗ੍ਹਾ ਨਾਮਧਾਰੀ ਪੰਥ ਦੀ ਅਗਵਾਈ



Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਜੀ ਨੂੰ ਸਉਂਪਣ ਵਾਲਾ ਬਹੁਤ ਜ਼ਰੂਰੀ ਕਿਰਪਾ ਪੱਤਰ, ਕਿਸੇ ਬਾਬਾ ਦਰਬਾਰਾ ਸਿੰਘ ਜਿਹੇ, ਅਤਿ ਵਿਸ਼ਵਾਸੀ ਸਿੱਖ ਨੂੰ ਹੀ ਸਉਂਪਿਆ ਜਾ ਸੱਕਦਾ ਸੀ ਅਤੇ 'ਮੇਰੀ ਭਾਲ ਨਾ ਕਰਨ' ਵਾਲੇ ਰੋਸੇ ਵੀ ਉਹਨਾਂ ਲੋਕਾਂ ਤੇ ਹੀ ਕੀਤੇ ਜਾ ਸੱਕਦੇ ਸਨ, ਜਿਹਨਾਂ ਨਾਲ ਬੜੇ ਨਿਕਟ ਸਬੰਧ ਰਹੇ ਹੋਣ। ਬਾਬਾ ਜੀ ਨੇ ਨਾਮਧਾਰੀ ਪਹਿਰਾਵਾ, ਇਸ ਯਾਤਰਾ ਲਈ ਤਿਆਗ ਕੇ, ਆਪਣਾ ਸਰੂਪ ਬਦਲ ਲਿਆ ਸੀ ਕਿਉਂਕਿ ਨਾਮਧਾਰੀ ਬਾਣੇ ਵਾਲੇ ਕਿਸੇ ਸਿੱਖ ਨੂੰ ਤਾਂ ਸਤਿਗੁਰੂ ਜੀ ਦੇ ਪਹਿਰੇਦਾਰਾਂ ਨੇ ਨੇੜੇ ਨਹੀਂ ਸੀ ਫਟਕਣ ਦੇਣਾ। ਇਉਂ ਜੋ ੯੫ ਸਿੱਖ ਆਪ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ (੧੮੭੫ ਤੋਂ ੧੮੮੧ ਈ. ਤੱਕ) ਜਾਂਦੇ ਰਹੇ ਉਹਨਾਂ ਲਈ, ਮੋਢੀ ਪੈੜਾਂ ਪਾਉਣ ਦਾ ਕੰਮ ਵੀ, ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੇ ਹੀ ਕੀਤਾ ਸੀ। ਬਾਬਾ ਦਰਬਾਰਾ ਸਿੰਘ ਜਨਵਰੀ ੧੮੭੫ ਵਿਚ, ਸਤਿਗੁਰੂ ਜੀ ਦੇ ਪਰਦੇਸ ਆਉਣ ਦੇ ਤਿੰਨ ਸਾਲ ਬਾਅਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਏ ਸਨ। ਸਤਿਗੁਰੂ ਜੀ ਨੇ ਬਹੁਤ ਸਾਰੇ ਬਚਨ ਬਿਲਾਸ ਆਪ ਨਾਲ ਕੀਤੇ ਪੰਜਾਬ ਦੀਆਂ ਸੰਗਤਾਂ, ਡੇਰਾ ਭੈਣੀ ਸਾਹਿਬ ਅਤੇ ਹੋਰ ਪਰਿਵਾਰਿਕ ਜੀਆਂ ਦਾ ਹਾਲ ਚਾਲ ਪੁੱਛਿਆ। ਕਈ ਨੀਤੀਗਤ ਬਚਨ ਵੀ ਸਾਂਝੇ ਕੀਤੇ ਅਤੇ "ਬਾਬੇ ਦਰਬਾਰਾ ਸਿੰਘ ਨੇ ਏਹ ਭੀ ਕਹਿਆ ਸਤਿਗੁਰੂ ਜੀ ਬਚਨ ਕਰਦੇ ਸੇ ਕਿ ਜਿਸਨੇ ਪਦਾਰਥ ਖਰਚ ਕਰਨਾ ਹੈ ਮੇਰੇ ਨਮਿੱਤ, ਸੋ ਹੁਣ ਕਰੇ, ਅਖੰਡ ਪਾਠ ਕਰਵਾਏ।"[10] ਇਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਵੀ ਲੰਗਰ ਦੇ ਹੇਠਾਂ ਬਣਾਏ ਭੋਰੇ ਵਿਚ, ਪੁਲੀਸ ਚੌਕੀ ਤੋਂ ਚੋਰੀ, ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਪਿਆ। ਦੂਸਰੇ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਵੀ ਸਰਕਾਰ ਤੋਂ ਮਨਜ਼ੂਰੀ ਲੈ ਕੇ, ਇਹ ਅਖੰਡ ਪਾਠ ਕਰਵਾਉਣੇ ਸ਼ੁਰੂ ਕੀਤੇ। ਕਈ ਨਾਮਧਾਰੀ ਸਿੰਘਾਂ ਜਿਹਨਾਂ ਨੇ ਅਖੰਡ ਪਾਠ ਕਰਵਾਏ, ਗੈਰ ਕਾਨੂੰਨੀ ਸਭਾ ਦਾ ਦੋਸ਼ ਲਾ ਕੇ ਗਿਰਫਤਾਰ ਕੀਤੇ ਗਏ। ਪਾਠੀ ਧੂਪੀਏ, ਪਹਿਰੂਏ ਲਾਂਗਰੀ ਅਤੇ ਇਸ ਮੌਕੇ ਹਾਜ਼ਰ ਸੰਗਤ ਤੱਕ ਦੇ ਚਲਾਣ ਕਰ ਦਿੱਤੇ ਜਾਂਦੇ ਸਨ। ਸੋ ਇਹ ਬਾਬੇ ਦਰਬਾਰਾ ਸਿੰਘ ਹੱਥ ਆਇਆ ਨਾਮਧਾਰੀ ਸੰਗਤ ਦੇ ਨਾਮ ਇਹ ਹੁਕਮ ਕਿ ਮੇਰੇ ਨਮਿਤ ਅਖੰਡ ਪਾਠ ਕਰਵਾਉ ਤਾਂ ਕਿ ਬੰਦੀਖਾਨੇ ਦੀ ਬੰਦ ਖਲਾਸ ਹੋਵੇ, ਗਊ ਗਰੀਬ ਦੇ ਗਲੋਂ ਛੁਰੀ ਉਤਰੇ ਧਰਤੀ ਤੇ ਧਰਮ ਵਰਤੇ ਭਾਵ ਕੋਈ ਉਜੜਿਆ ਥੁੜਿਆ ਨਾ ਰਹੇ, ਇਸ ਪ੍ਰਥਾਇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਪੁਆ ਕੇ, ਨਾਮਧਾਰੀਆਂ ਨੇ ਉਪਰੋਕਤ ਹੁਕਮਾਂ ਤੇ ਹੀ ਫੁੱਲ ਚੜ੍ਹਾਏ ਹਨ ਅਤੇ ਵਰਤਮਾਨ ਸਤਿਗੁਰੂ ਜੀ ਦੇ ਪਹਿਰੇ ਵਿਚ ਲਗਾਤਾਰ ਇਸ ਨੂੰ ਆਪਣੀ ਧਾਰਮਿਕ ਜ਼ਿੰਮੇਵਾਰੀ ਸਮਝ ਕੇ ਨਿਬਾਹ ਰਹੇ ਹਨ। ਬੜੇ ਸਪੱਸ਼ਟ ਸ਼ਬਦਾਂ ਵਿਚ ਸਤਿਗੁਰੂ ਜੀ ਦੇ ਇਸ ਆਦੇਸ਼ ਦਾ ਵਰਣਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਇਉਂ ਦਰਜ ਹੈ :-

"ਮੈਂ ਹੁਣ ਏਨੀ ਅਰਜ਼ ਕਰਨੀ ਹੈ ਕਿ ਸਤਿਗੁਰਾਂ ਨੇ ਹੁਕਮ ਦਿੱਤਾ ਸੀ-ਜਿਸ ਵੇਲੇ ਪਰਦੇਸ ਗਏ, ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਕਿਹਾ-ਕਿ ਜਿਹੜੇ ਓਦੋਂ ਕਹਿੰਦੇ ਸੀ ਕਿ ਸਾਡਾ ਸਰਬੰਸ ਤੁਹਾਡੇ ਨਮਿੱਤ ਲੱਗੇ, ਉਸ ਹੁਣ ਸਾਡੇ ਨਮਿਤ ਪਾਠ ਭੋਗ ਕਰਾਉਣ।"[11]

ਹੁਣ ਕਿਉਂਕਿ ਬਾਬਾ ਦਰਬਾਰਾ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਟਿਕੇ ਹੋਏ ਸਨ ਅਤੇ ਡੇਰੇ ਦਾ ਕਾਰ ਵਿਹਾਰ ਵੇਖਣ ਲਈ ਅਧਿਕਾਰੀਆਂ ਪਾਸ ਵੀ ਜਾਂਦੇ ਅਤੇ ਜਦੋਂ ਗੁਰੂ ਹਰੀ ਸਿੰਘ ਜੀ ਨੂੰ ਸਾਲ ਵਿਚੋਂ ਇਕ ਦੋ ਮਹੀਨੇ ਛੁੱਟੀ ਦੌਰਾ ਕਰਨ ਦੀ ਮਿਲਦੀ, ਬਾਬਾ ਜੀ ਆਪ ਦੇ ਨਾਲ ਦੌਰੇ ਤੇ ਵੀ ਚੜ੍ਹਦੇ ਸਨ। ੧੮੯੩ ਈ. ਦੀ ਦੀਪਮਾਲਾ ਤੇ ਗੁਰੂ ਹਰੀ ਸਿੰਘ ਜੀ ਨੇ ਛੁੱਟੀ ਲੈ ਕੇ ਅੰਮ੍ਰਿਤਸਰ ਦਰਸ਼ਨ ਦਿੱਤੇ, ਦੋ ਮਹੀਨੇ ਦੀ ਛੁੱਟੀ ਸੀ। ਪ੍ਰੰਤੂ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਦੀਵਾਲੀ ਸਮਾਪਤ ਹੋਣ ਤੋਂ ਬਾਅਦ ਅੰਮ੍ਰਿਤਸਰ ਜਾਣ ਦੀ ਮਿਲਦੀ ਸੀ ਜਾਂ ਮਾਘੀ ਮੁਕਣ ਬਾਅਦ ਮੁਕਤਸਰ ਜਾਣ ਦੀ। ਕਾਰਨ ਸੀ ਕਿ ਮੇਲੇ ਦੀ ਭੀੜ ਭਾੜ ਨਾਲ ਆਪਦਾ ਰਾਬਤਾ ਨਾ ਜੁੜੇ। ਦਰਬਾਰਾ ਸਿੰਘ ਦਾਨ ਸਿੰਘ ਦੋਹਾਂ ਮੁਖਤਿਆਰਾਂ ਨਾਲ ਦੀਵਾਲੀ ਤੋਂ ਬਾਅਦ ਗੁਰੂ ਜੀ ਸਿਆਲਕੋਟ ਦੇ ਜ਼ਿਲ੍ਹੇ ਵਿਚ ਪੁੱਜ ਗਏ। ਹੁਣ ਇੱਥੇ ਪੁਲੀਸ ਕਪਤਾਨ ਲੁਧਿਆਣੇ ਵਾਲਾ ਬਾਰਬਰਟਨ ਹੀ ਸੀ, ਜਿਸ ਦੀ ਮਾਂ ਕਸ਼ਮੀਰਨ ਤੇ ਪਿਓ ਅੰਗਰੇਜ਼ ਸੀ-ਐਂਗਲੋ ਇੰਡੀਅਨ ਸੀ। ਪਰ ਕੂਕਿਆਂ ਨੂੰ ਤਾਂ ਇਹ ਜਿਵੇਂ ਜਮ ਹੋ ਕੇ ਟਕਰਿਆ ਸੀ। ਇਸ ਹੀ ਸਰਕਾਰ ਨੂੰ ਇਹ ਸਿਫਾਰਸ਼ ਕੀਤੀ ਸੀ ਕਿ ਗੁਰੂ ਰਾਮ ਸਿੰਘ ਜੀ ਦੇ ਰੰਗੂਨ ਦਰਸ਼ਨ ਕਰਨ ਜਾਣ ਅਤੇ ਹੁਕਮਨਾਮੇ ਲਿਆਉਣ ਵਾਲੇ ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ ਉਹਨਾਂ ਸਾਰਿਆਂ ਨੂੰ ਵੀ ਦੇਸ ਨਿਕਾਲਾ ਦੇ ਦੇਣਾ ਚਾਹੀਦਾ ਹੈ।[22] ਹੁਣ ਬਾਰ ਬਟਨ ਨੇ ਜੋ ਸਿਆਲਕੋਟ ਵਿਚ ਸਤਿਗੁਰੂ ਜੀ ਦਾ ਗੁਜਰਾਂਵਾਲੇ ਤੋਂ ਬਾਅਦ ਆਉਣ ਦਾ ਹੁਕਮ ਸੀ, ਉਸਦੀ ਉਲੰਘਣਾ ਦੇ ਦੋਸ਼ ਹੇਠ ਆਪ ਨੂੰ ਵਾਪਸ ਭੈਣੀ ਸਾਹਿਬ ਬਿਨਾਂ ਦੌਰਾ ਕੀਤਿਆਂ ਭੇਜ ਦਿੱਤਾ। "ਗੁਰੂ ਜੀ ਗਏ ਸਿਆਲਕੋਟ। ਨਾਲ ਦਰਬਾਰਾ ਸਿੰਘ ਦਾਨ ਸਿੰਘ ਹੈਂ। ਬਟਨ ਨੇ ਕਿਹਾ ਕਿ ਮੇਰੇ ਇਲਾਕੇ ਐਂਣੇ ਕਾ ਪਾਛੇ ਹੁਕਮ ਥਾ ਤੁਸੀਂ ਪਹਿਲੇ ਕਿਉਂ ਆਏ ਹੋ? ਗੁਰੂ ਮਹਾਰਾਜ ਜੀ ਬਚਨ ਕੀਤਾ ਸਿੰਘ ਲੈ ਆਏ ਹੈ ਤਾਂ ਆਇ ਗਏ। ਬਟਨ ਨੇ ਉਥੋਂ ਹੀ ਗੁਰੂ ਜੀ ਕੋ ਰਾਮਦਾਸਪੁਰੇ ਨੂੰ ਭੇਜ ਦਿੱਤਾ।"[13]

ਇਸੇ ਤਰ੍ਹਾਂ ੧੮੯੪ ਈ. ਦੀ ਜਨਵਰੀ ਵਿਚ ਮਾਘੀ ਤੋਂ ਬਾਅਦ ਗੁਰੂ ਜੀ ਨੇ ਮੁਕਤਸਰ ਦਰਸ਼ਨ ਦੇਣੇ ਸਨ। ਇਹ


Namdhari Elibrary NamdhariElibrary@gmail.com

ਮਾਲਵੇ ਦਾ ਕਾਫੀ ਲੰਮਾ ਦੌਰਾ ਸੀ। ਬਾਬਾ ਦਰਬਾਰਾ ਸਿੰਘ ਹੱਥ ਦਾ ਸਖੀ ਸੀ ਅਤੇ ਸੰਗਤ ਨੂੰ ਪਦਾਰਥ ਖੁੱਲ੍ਹਾ ਵਰਤਾਉਣ ਵਿਚ ਭਰੋਸਾ ਰੱਖਦਾ ਸੀ ਅਤੇ ਪਦਾਰਥ ਵੀ ਜੇ ਗੁੜ ਹੋਵੇ ਤੇ ਬਾਬਾ ਸਿੰਘਾਂ ਦਾ ਦੰਦੋੜੱਕਾ ਵੱਜਦਾ ਕਿਉਂ ਵੇਖੇ ? ਬਾਹੋਵਾਲ ਜੀ ਲਿਖਦੇ ਹਨ :-

"ਗੁਰੂ ਮਹਾਰਾਜ ਜੀ ਰਾਮਦਾਸਪੁਰੇ ਤੋਂ ਲੋਹਗੜ੍ਹ, ਗੁੱਜਰਵਾਲ, ਖੰਜਰਵਾਲ, ਛੱਜਾਵਾਲ, ਰੂਮੀ, ਬੋਪਾਰਾਇ, ਗਹਿਲ, ਬਿਲਾਸਪੁਰ, ਤਖਤੂਪੁਰਾ, ਖੋਟੇ, ਰੋਡੇ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਮੁਕਤਸਰ ਮਾਘੀ ਤੇ ਪਹੁੰਚੇ।"

"ਮੁਕਤਸਰ ਬੁਰਜ ਮੈਂ ਬਾਵੇ ਕੇ ਡੇਢ ਭੇਲੀ ਸੀ ਗੁੜ ਦੀ। ਬਾਬਾ ਦਰਬਾਰਾ ਸਿੰਘ ਖੁਲ੍ਹਾ ਬਰਤਾਵਣ ਲੱਗਾ। ਬਾਵੇ ਨੇ ਅਰਜ਼ ਕੀਤੀ ਜੀ ਡੇਢ ਭੇਲੀ ਹੈ ਬਹੁਤ ਖੁੱਲ੍ਹਾ ਬਰਤਾਂਵਦਾ ਹੈ। ਗੁਰੂ ਜੀ ਬਚਨ ਕੀਤਾ ਬਾਵਾ ਕਹਿੰਦਾ ਹੈ ਏਹੀ ਡੇਢ ਭੇਲੀ ਹੈ। ਬਾਬੇ ਦਰਬਾਰਾ ਸਿੰਘ ਨੇ ਕਹਾ ਕਿ ਬਾਵੇ ਦੇ ਤਾਂ ਡੇਢ ਭੇਲੀ ਹੈ, ਤੁਹਾਡੇ ਘਰ ਤਾਂ ਕੁਝ ਪ੍ਰਵਾਹ ਨਹੀਂ ਹੈ। ਉਸੀ ਡੇਢ ਭੇਲੀ ਸੇ ਸਾਰੀ ਸੰਗਤ ਕੋ ਸਰ ਗਿਆ। ਸਗੋਂ ਬਚ ਭੀ ਗਿਆ।"

"ਮੁਕਤਸਰ ਸੇ ਰੁਪਾਣੇ, ਤਾਮਕੋਟ, ਫੂਲੇਵਾਲ, ਡਬਲੇ, ਲੱਕੜਵਾਲੀ, ਗੁਰੂ ਸਰ, ਜੰਡ ਵਾਲੇ, ਫੇਰ (ਮਾਈਸਰ) ਖਾਨੇ ਤੋਂ ਭਾਈ ਬਖਤੌਰ, ਬਰਾਜ (ਹੁਣ ਜ਼ਿਲ੍ਹਾ ਸਿਰਸਾ-ਹਰਿਆਣਾ), ਨੰਗਲੇ, ਫਤੇਗੜ੍ਹ, ਲੱਲੂਵਾਲਾ, ਭਿਖੀ, ਉਚੇ, ਚਰਨ ਪਾਉਂਦੇ ਰਾਇਸਰ, ਲੋਹਟਬੱਦੀ, ਸਿਆੜ, ਖਟੜੀਂ, ਖਟੜਿਆਂ ਤੋਂ ਰਾਮਦਾਸਪੁਰੇ ਨੂੰ ਆਏ।"[14]

ਸੰਨ ੧੮੯੮ ਵਿਚ ਫਿਰ ਗੁਰੂ ਹਰੀ ਸਿੰਘ ਜੀ ਨੇ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਭੇਜਿਆ ਕਿ ਜਾਉ ਪੱਛਮੀ ਤੇ ਕੇਂਦਰੀ ਪੰਜਾਬ ਦੇ ਦੌਰੇ ਦੀ ਮਨਜ਼ੂਰੀ ਲੈ ਕੇ ਆਵੇ। ਪਹਿਲਾਂ ਤਾਂ ਉਹ ਅਧਿਕਾਰੀ ਪਿਛਲੇ ਛੁੱਟੀ ਦੇ ਸਮੇਂ ਵਿਚ, ਨਿਮਾਣੀ ਦਾ ਮੇਲਾ ਕਰਨ ਤੇ ਲੋਹਾ ਲਾਖਾ ਹੁੰਦਾ ਰਿਹਾ। ਫਿਰ ਜਦੋਂ ਬਾਬਾ ਜੀ ਡੇਰੇ ਆ ਗਏ ਤਾਂ ਉਸਨੇ ਤਿੰਨ ਮਹੀਨਿਆਂ ਦੀ ਛੁੱਟੀ ਦਾ ਹੁਕਮ ਦੇ ਭੇਜਿਆ, ਜਿਹਨਾਂ ਵਿਚ ਪੰਜ ਜ਼ਿਲਿਆਂ, ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਝੰਗ ਸ਼ਾਮਲ ਸਨ। ਫਿਰ ਕਿਹੜੇ ਜ਼ਿਲ੍ਹੇ ਵਿਚ ਪਹਿਲੋਂ ਤੇ ਕਿਹੜੇ ਵਿਚ ਪਿਛੋਂ ਜਾਣ ਦਾ ਰੇੜਕਾ ਪਾ ਕੇ, ਲੁਧਿਆਣਾ ਦੇ ਹਾਕਮਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਤੁਰੰਤ ਦੌਰਾ ਬੰਦ ਕਰਕੇ, ਲੁਧਿਆਣੇ ਆਉਣ ਦਾ ਪਰਵਾਨਾ ਭੇਜਿਆ। ਆਪ ਨੇ ਬਾਬਾ ਦਰਬਾਰਾ ਸਿੰਘ, ਦਾਨ ਸਿੰਘ ਅਤੇ ਨਰਾਇਣ ਸਿੰਘ ਰੋਡਿਆਂ ਵਾਲੇ ਨੂੰ ਭੇਜਿਆ। ਬਾਬੇ ਹੋਰਾਂ ਨੇ ਮਨਜ਼ੂਰੀ ਵਾਲਾ ਕਾਗਜ਼ ਉਸਨੂੰ ਵਿਖਾ ਕੇ ਸ਼ਰਮਿੰਦਾ ਕੀਤਾ ਪਰ ਗੁਰੂ ਹਰੀ ਸਿੰਘ ਜੀ ਨੇ ਵੀਹ ਦਿਨ ਦੀ ਛੁੱਟੀ ਰਹਿੰਦੀਆਂ ਵੀ ਦੌਰਾ ਮੁਕਾ ਕੇ ਭੈਣੀ ਸਾਹਿਬ ਵਾਪਸੀ ਕਰ ਲਈ।[15]

ਪੁਲੀਸ ਚੌਕੀ ਦੀ ਗਾਰਦ ਸਿੰਘਾਂ ਨੂੰ, ਜੋ ਦਰਸ਼ਨਾਂ ਲਈ ਆਉਂਦੇ ਸਨ ਤੰਗ ਵੀ ਕਰਦੀ ਸੀ। ਡੇਰੇ ਵਿਚ ਰਹਿਣ ਵਾਲਿਆਂ ਨੂੰ ਵੀ ਪਰੇਸ਼ਾਨ ਕਰਦੀ ਸੀ। ਅਤੇ ਡੇਰੇ ਵਾਲਿਆਂ ਤੋਂ ਚੰਗੇ ਪਦਾਰਥ ਲੈਣ ਦੀ ਆਸ ਵੀ ਰੱਖਦੇ ਸਨ। ਜਦੋਂ ਗੁਰੂ ਹਰੀ ਸਿੰਘ ਜੀ ਨੇ, ਸਿੰਘਾਂ ਨੂੰ ਕਹਿ ਕੇ ਪੁਲੀਸ ਵਾਲਿਆਂ ਦੀਆਂ ਅਜੇਹੀਆਂ ਵਗਾਰਾਂ ਬੰਦ ਕਰਵਾ ਦਿੱਤੀਆਂ ਤਾਂ ਉਹਨਾਂ ਡਿਓੜੀ ਦੇ ਬੂਹੇ ਅੱਗੇ ਝਾੜੂ ਦੇਣ ਦੀ ਸੇਵਾ (ਜੋ ਇਤਿਹਾਸ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਕਰਦਾ ਸੀ) ਬੰਦ ਕਰਵਾ ਦਿੱਤੀ। ਬੂਹੇ ਅੱਗੇ ਕੂੜੇ ਦੇ ਢੇਰ ਲੱਗ ਗਏ। ਫਿਰ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਹੀ ਪੁਲੀਸ ਵਾਲਿਆਂ ਨੂੰ ਨਰਮੀ ਵਰਤਣ ਲਈ ਆਖਣਾ ਪਿਆ। ਕੁਝ ਤੇਲ ਤਮ੍ਹਾਂ ਦੇ ਕੇ ਫਿਰ ਇਹਨਾਂ ਕਰਮਚਾਰੀਆਂ ਨੂੰ ਰਾਜੀ ਕੀਤਾ ਗਿਆ।[16] ਇਹੋ ਜਹੀਆਂ ਮੁਸੀਬਤਾਂ ਦੇ ਦੌਰ ਵਿਚ ਗੁਰੂ ਹਰੀ ਸਿੰਘ, ਉਹਨਾਂ ਦੇ ਆਗੂ ਸਿੰਘਾਂ ਤੇ ਹੋਰ ਨਾਮਧਾਰੀ ਸੰਗਤ ਨੂੰ ਲੰਘਣਾ ਪੈਂਦਾ ਸੀ।

੧੯੦੧ ਈ. ਵਿਚ ਮੁੜ ਗੁਰੂ ਹਰੀ ਸਿੰਘ ਜੀ, ਲਾਹੌਰ ਅਤੇ ਅੰਮ੍ਰਿਤਸਰ ਦੇ ਦੌਰੇ ਤੇ ਆਏ। ਅੰਮ੍ਰਿਤਸਰ ਦੇ ਦੌਰੇ ਵਿਚ, ਸਤਿਗੁਰੂ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ, ਸਾਥੋਂ ਵਿਛੋੜਿਆਂ ੨੯ ਸਾਲ ਹੋ ਗਏ ਹਨ। ਉਹਨਾਂ ਦੇ ਬਾਰੇ ਸਰਕਾਰ ਤੋਂ ਪੁੱਛ ਗਿੱਛ ਕਰਨੀ ਚਾਹੀਦੀ ਹੈ ਕਿ ਉਹਨਾਂ ਨੂੰ ਕਿੱਥੇ ਡੱਕ ਛੱਡਿਆ ਹੈ ? ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਦਰਬਾਰਾ ਸਿੰਘ ਨਰਾਇਣ ਸਿੰਘ ਨਾਲ ਰਾਇ ਕਰਕੇ ਅਰਜੀ ਪਾ ਦਿਉ। ਦੱਸਣਾ ਇਹਨਾਂ ਸਾਨੂੰ ਕੁਝ ਨਹੀਂ। ਪਰ ਚਲੋ ਝੂਠੇ ਕਰਕੇ ਮਾਰ ਲਵੋ। ਤੇ ਇਉਂ ਹੀ ਹੋਇਆ।[17]

੧੯੦੦ ਈ. ਦੀ ਦੀਵਾਲੀ ਤੋਂ ਬਾਦ ਮਾਝੇ ਦਾ ਦੌਰਾ ਕਰਦੇ ਹੋਏ, ਗੁਰੂ ਹਰੀ ਜੀ ਮਾਲਵੇ ਵਿਚੋਂ ਹੁੰਦੇ ਹੋਏ ਮੁਕਤਸਰ ਤੋਂ ਸੌਖੇ ਔਪੜੇ। "ਏਥੋਂ ਬਾਬਾ ਦਰਬਾਰਾ ਸਿੰਘ ਜੀ ਬੀਮਾਰ ਹੋਏ। ਰੁਪਾਣੇ ਆਏ। ਰੁਪਾਣੇ ਆ ਕੇ ਬਾਬਾ ਦਰਬਾਰਾ ਸਿੰਘ ਜੀ ਚੜ੍ਹਾਈ ਕੀਤੀ।

"ਸਭ ਕਹਿੰਦੇ ਹੈਂ ਚੰਗੀ ਕਮਾਈ ਵਾਲਾ ਸੀ। ਦੁੱਖ ਨਹੀਂ ਪਾਇਆ। ਛਕਦਾ ਛਕਾਉਂਦਾ ਹੀ ਚੜ੍ਹਿਆ ਹੈ। ਦੁੱਧ ਛੱਕ ਕੇ ਕਹਿਣ ਲੱਗੇ ਕਿ ਪਾਲਾ ਲੱਗਦਾ ਹੈ। ਰਜਾਈਆਂ ਲੈ ਕੇ ਪੈ ਗਏ। ਪ੍ਰਾਣ ਜੁਦਾ ਹੋਏ। ਮਰਯਾਦਾ ਨਾਲ ਲੈ ਜਾਇਕੇ ਸਸਕਾਰ ਕੀਤਾ। ਆਰਤੀ ਸੋਹਿਲਾ ਪੜ੍ਹਿਆ, ਅਰਦਾਸਾ ਕੀਤਾ। ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ। ਰੁਪਾਣੇ ਤੋਂ ਮੁਕਤਸਰ ਆਏ।"[18]

ਯਾਦ ਰਹੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਭੈਣ ਬੀਬੀ ਮਾਨ ਕੌਰ, ਬਾਬਾ ਦਰਬਾਰਾ ਸਿੰਘ ਹੋਰਾਂ ਦੇ ਪਿੰਡ, ਰਾਇਪੁਰ ਵਿਚ ਹੀ ਲਾਹੌਰ ਦਰਬਾਰ ਦੇ ਤੋਪਖਾਨੇ ਦੇ


Namdhari Elibrary NamdhariElibrary@gmail.com

ਅਧਿਕਾਰੀ ਸ. ਕਾਬਲ ਸਿੰਘ ਹੋਰਾਂ ਨਾਲ ਹੀ ਵਿਆਹੀ ਸੀ, ਜਿਹੜੇ ਸਿੱਖ ਅੰਗਰੇਜ਼ ਜੰਗ ਸਮੇਂ ਸ਼ਹੀਦ ਹੋ ਗਏ ਸਨ। ਉੱਘੇ ਨਿਸ਼ਾਨੇਬਾਜ਼ ਸਨ।

੧੯੬੭ ਈ. ਦੇ ਅੱਸੂ ਦੇ ਮਹੀਨੇ ਬਾਬਾ ਦਰਬਾਰਾ ਸਿੰਘ ਦਾ ਸੈਨਿਕ ਜੀਵਨ ਦਾ, ਲਾਹੌਰ ਦਰਬਾਰ ਦਾ ਸਾਥੀ, ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰਤ ਕੂਕਾ-ਸੂਬਾ, ਬਾਬਾ ਜਮੀਅਤ ਸਿੰਘ 'ਗਿੱਲ' ਚਲਾਣਾ ਕਰ ਗਿਆ ਸੀ। ਉਸਦੇ ਭੋਗ ਤੇ ਪਾਬੰਦੀਆਂ ਦੇ ਸਮੇਂ ਵਿਚ, ਕੁਝ ਸਮੇਂ ਦੀ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਮਿਲਣ ਕਾਰਨ, ਬਹੁਤ ਭਾਰੀ ਮੇਲਾ ਹੋਇਆ ਸੀ, ਜਿੱਥੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਬਾਬਾ ਦਰਬਾਰਾ ਸਿੰਘ ਹੋਰੀਂ ਵੀ ਪੁੱਜੇ ਸਨ ਅਤੇ ਪੂਜ ਮਾਤਾਵਾਂ ਸਮੇਤ ਬਾਲ ਸਤਿਗੁਰੂ ਪਰਤਾਪ ਸਿੰਘ ਜੀ ਵੀ ਸਨ। ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਕੋਲ, ਹਸਪਤਾਲ ਲਾਗੇ ਇਕ ਖੂਹੀ ਤੇ ਡੇਰਾ ਲੱਗਾ ਕਿਉਂਕਿ ਸ਼ਹਿਰ ਅੰਮ੍ਰਿਤਸਰ ਵਿਚ ਜਾਣ ਦਾ ਸਰਕਾਰ ਵੱਲੋਂ ਹੁਕਮ ਨਹੀਂ ਸੀ। ਬਾਬਾ ਦਰਬਾਰਾ ਸਿੰਘ ਪੰਜ ਯੱਕੇ (ਟਾਂਗੇ) ਕਿਰਾਏ ਤੇ ਕਰ ਕੇ ਲਿਆਏ ਜਿਹਨਾਂ ਤੇ ਚੜ੍ਹਕੇ ਅਜਨਾਲੇ ਤੱਕ ਪੱਕੀ ਸੜਕ ਤੇ ਅੱਗੇ ਕੱਚੇ ਰਾਹ ਗਿੱਲ (ਸਿਆਲਕੋਟ) ਨੂੰ ਗਏ ਸਨ। ਰਾਵੀ ਦਰਿਆ ਬੇੜੀਆਂ ਤੇ ਟਾਂਗੇ ਲੱਦ ਦੇ ਪਾਰ ਕੀਤਾ ਸੀ। ਰਾਤ ਰੱਈਏ ਦੀ ਧਰਮਸ਼ਾਲਾ ਵਿੱਚ ਕੱਟ ਕੇ ਅਗਲੇ ਦਿਨ ਗਿੱਲ ਪੁੱਜੇ ਸਨ।[19]

ਇਉਂ ਅਸੀਂ ਵੇਖਦੇ ਹਾਂ ਕਿ ਲਗਪਗ ਅੱਠ ਦਹਾਕਿਆਂ ਦੇ ਸਮੇਂ ਤੇ ਬਾਬਾ ਦਰਬਾਰਾ ਸਿੰਘ ਜੀ ਦੇ ਜੀਵਨ ਕੈਨਵਸ ਤੇ, ਵਿਵਿਧ ਰੰਗਾਂ ਦੇ ਚਿਤਰ ਵੇਖਣ ਨੂੰ ਮਿਲਦੇ ਹਨ, ਜੋ ਉਹਨਾਂ ਦੇ ਸਮਰਪਿਤ, ਸਿਰੜੀ, ਸਿਦਕੀ, ਸਦਾ ਸੰਘਰਸ਼ਸ਼ੀਲ ਕਿਰਦਾਰ ਦੇ ਦਰਸ਼ਨ ਕਰਾਉਂਦੇ ਹਨ। ਇਹ ਉਹਨਾਂ ਦਾ ਆਪਣੀ ਮਿਟੀ ਅਤੇ ਇਸ ਦੇ ਲੋਕਾਂ ਨਾਲ ਅਟੁੱਟ ਰਿਸ਼ਤਾ ਸੀ, ਜੋ ਪਹਿਲਾਂ ਉਹਨਾਂ ਨੂੰ ਗੋਰੇ ਹਮਲਾਵਰਾਂ ਵਿਰੁੱਧ ਤਲਵਾਰ ਫੜ ਕੇ ਜੂਝਣ ਦਾ ਬਲ ਬਖਸ਼ਦਾ ਹੈ ਅਤੇ ਫਿਰ ਜਦੋਂ ਕੁਝ ਸਮਾਂ ਉਹ ਰਾਜ ਗੁਆਚਣ ਬਾਦ ਨਿਰਾਸ਼ਤਾ ਦੀ ਡੂੰਘੀ ਖੱਡ ਵਿਚ ਡਿੱਗ ਪਏ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸ਼ੀਅਤ ਦੇ ਖਿੱਚੇ ਉਹ ਫਿਰ ਮੋਰਚਾ ਮੱਲ ਲੈਂਦੇ ਹਨ। ਕੂਕੇ ਸੰਗਰਾਮੀਏ ਬਣ ਕੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਸਤਿਗੁਰਾਂ ਦੇ ਓਪਰੀ ਧਰਤੀ ਦੇ ਦਰਸ਼ਨ ਮੇਲੇ ਕਰਕੇ, ਸੂਹ ਵੀ ਕੱਢ ਲਿਆਉਂਦੇ ਹਨ। ਆਪਣਾ ਸਰਦਾਰੀ ਠਾਠ, ਬਾਠ, ਰੁੱਤਬਾ, ਜ਼ਮੀਨ ਜਾਇਦਾਦਾ ਵੀ ਆਪਣੇ ਸਤਿਗੁਰੂ ਦਾ ਲੰਗਰ ਚੱਲਦਾ ਰੱਖਣ ਲਈ, ਨਿਉਛਾਵਰ ਕਰ ਦਿੰਦੇ ਹਨ ਅਤੇ ਬਾਲ ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ, ਆਪਣੇ ਕਲੇਵਰ ਵਿਚ ਲੈਕੇ, ਉਹਨਾਂ ਨੂੰ ਨਾਮਧਾਰੀ ਇਤਿਹਾਸ ਦੇ ਹੀਰੇ ਮੋਤੀਆਂ ਨਾਲ ਮਾਲਾ ਮਾਲ ਕਰਕੇ ਉਹਨਾਂ ਦੀ 'ਦਲ ਭੰਜਨ' ਅਤੇ 'ਪਰਉਕਾਰੀ" ਗੁਰ ਸੂਰਮੇ" ਵਾਲੀ ਹਸਤੀ ਨੂੰ ਤਰਬੀਅਤ ਦੇਣ ਵਿਚ, ਆਪਣਾ ਯੋਗਦਾਨ ਵੀ ਪਾਉਂਦੇ ਹਨ। ਸਭਰਾਵਾਂ ਦੇ ਰਣ ਤੱਤੇ ਤੋਂ ਲੈ ਕੇ, ਖਾਰੇ ਸਮੁੰਦ ਸਾਗਰ ਉਲੰਘ ਕੇ ਆਪਣੇ ਸਤਿਗੁਰੂ ਜੀ ਦੇ ਨਿਵਾਸ ਸਥਾਨ 'ਰੰਗੂਨ ਦੇ ਬੰਗਲੇ ਤੱਕ' ਦਾ ਬਾਬਾ ਦਰਬਾਰਾ ਸਿੰਘ ਹੋਰਾਂ ਦਾ ਸਫ਼ਰ, ਸਾਡੇ ਇਤਿਹਾਸ ਵਿਚ ਪੰਥ ਵਿਖਾਊਆਂ ਜਿਹਾ ਮੋਢੀ ਮਾਣ ਰੱਖਦਾ ਹੈ।

ਫੁੱਟ ਨੋਟ --

1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਦਸਾਵੇਜ਼-ਸੰ. ਜਸਵਿੰਦਰ ਸਿੰਘ) - ਸਫਾ ੨੬-੨੭
2. ਸਤਿਗੁਰੂ ਬਿਲਾਸ ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੨੬੨
3. ਉਹੀ- ਸਫਾ ੨੬੫
4. ਉਹੀ- ਸਫਾ ੨੬੭
5. ਉਹੀ - ਸਫਾ ੩੧੮
6. ਲਾਲ ਏਹਿ ਰਤਨ- ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-੩ (ਸੰ: ਪ੍ਰਿੰ. ਬੇਅੰਤ ਕੌਰ) ਸਫਾ-੨੧੫-੧੬
7. ਲਾਲ ਏਹਿ ਰਤਨ- ਪਵਿਤਰ ਉਪਦੇਸ਼-੪, ਸਫਾ ੧੧੨
8. ਦਾ ਲਾਸਟ ਸੰਨ ਸੈਟ- (ਮਹਾਰਾਜਾ) ਅਮਰਿੰਦਰ ਸਿੰਘ– ਮਾਰਚ-੨੦੧੦, ਲੋਟਸ, ਕੁਲੈਕਸ਼ਨ-ਨਵੀਂ ਦਿੱਲੀ, ਸਫਾ ੨੨੫-੨੬
9. ਲਾਲ ਏਹਿ ਰਤਨ- ੩, ਸਫਾ ੬੩-੭੨
10. ਸਤਿਗੁਰੂ ਬਿਲਾਸ ਭਾਗ 2- ਭਾਈ ਬਾਹੋਵਾਲ, ਸਫਾ ੪੯
11. ਲਾਲ ਏਹਿ ਰਤਨ-੪ ਸਫਾ ੧੧੭
12. ਕੂਕਾ ਮੂਵਮੈਂਟ (ਦਸਤਾਵੇਜ਼-ਸੰ ਜਸਵਿੰਦਰ ਸਿੰਘ) ਸਫਾ ੨੯-੩੧
13. ਸਤਿਗੁਰੂ ਬਿਲਾਸ (ਭਾਗ ੨) ਸਾਫ-੧੮੫
14. ਉਹੀ- ਸਫਾ ੧੮੭
15. ਉਹੀ - ਸਫਾ ੨੧੧-੧੫
16. ਉਹੀ- ਸਫਾ ੨੪੭-੪੮
17. ਉਹੀ - ਸਫਾ ੨੬੩
18. ਉਹੀ- ਸਫਾ ੨੭੭
19. ਲਾਲ ਏਹਿ ਰਤਨ-੫, ਸਫਾ ੬੮

*ਕਰੀਵਾਲਾ (ਸਿਰਸਾ)*
*125075*
*ਫੋਨ : 01698-274562*



Namdhari Elibrary NamdhariElibrary@gmail.com







BBL
FOODS PVT. LTD.

*India's Larget Second Hand Food Machines Dealer Cum Rebuilder*

**750kgs Potato Chips Line**

**Biscuit Plant & Equipment**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 245 ?, Mobile : 91 98480-50607/ +91 98483 99702*
*l:lakbir.mutchall@gmail.com*
*www.bblfoods.com www.mutchall.com*





Namdhari Elibrary NamdhariElibrary@gmail.com

# ਦਿੱਲੀ ਦੇ ਖੰਡਰਾਂ ਵਿਚ ਕੂਕਾ ਲਹਿਰ ਦੀ ਗੂੰਜ

*—ਗੁਲਜ਼ਾਰ ਸਿੰਘ ਸੰਧੂ*

ਸੁਤੰਤਰਤਾ ਸੰਗਰਾਮ ਦੇ ਜਿਹੜੇ ਕਿੱਸੇ ਕਿਸੇ ੧੮੫੭ ਦੀ ਜਾਗ੍ਰਿਤੀ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਸ ਪ੍ਰਸੰਗ ਵਿਚ ੧੮੫੭ ਤੋਂ ੧੮੭੨ ਤੱਕ ਦਾ ਸਮਾਂ ਪੰਜਾਬ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਨ੍ਹਾਂ ਵਰ੍ਹਿਆਂ ਵਿਚ ਨਾਮਧਾਰੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਨੇ ਬਰਤਾਨਵੀ ਸਰਕਾਰ ਦੇ ਵਿਰੁੱਧ ਅਜਿਹੀ ਨਾ-ਮਿਲਵਰਤਨ ਲਹਿਰ ਚਲਾਈ ਜੋ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਡਾਕ ਪ੍ਰਣਾਲੀ ਦੀ ਥਾਂ ਉਨ੍ਹਾਂ ਨੇ ਆਪਣੀ ਸੁਤੰਤਰ ਪ੍ਰਣਾਲੀ ਕਾਇਮ ਕਰ ਲਈ ਸੀ। ਬਰਤਾਨਵੀ ਸਰਕਾਰ ਇਸ ਸਭ ਕੁਝ ਤੋਂ ਅੰਤਾਂ ਦੀ ਪ੍ਰੇਸ਼ਾਨ ਸੀ, ਪਰ ਜਦੋਂ ਨਾਮਧਾਰੀਆਂ ਨੇ ਗਊ ਹੱਤਿਆ ਦਾ ਵਿਰੋਧ ਕੀਤਾ ਤਾਂ ਦੋਵਾਂ ਧਿਰਾਂ ਦਾ ਆਪਸੀ ਤਣਾਅ ਚਰਮ-ਸੀਮਾ 'ਤੇ ਪਹੁੰਚ ਗਿਆ। ਨੌਬਤ ਇਥੋਂ ਤੱਕ ਪਹੁੰਚ ਗਈ ਕਿ ੧੮੭੨ ਵਿਚ ਬਰਤਾਨਵੀ ਸਰਕਾਰ ਨੇ ਮਾਲੇਰਕੋਟਲਾ ਵਿਖੇ ੬੬ ਨਾਮਧਾਰੀਆਂ ਨੂੰ ਤੋਪਾਂ ਦੇ ਗੋਲਿਆਂ ਨਾਲ ਸ਼ਹੀਦ ਕਰ ਦਿੱਤਾ। ਨਤੀਜੇ ਵਜੋਂ ਨਾਮਧਾਰੀਆਂ ਦਾ ਵਿਦਰੋਹ ਕਾਬੂ ਤੋਂ ਏਨਾ ਬਾਹਰ ਹੋ ਗਿਆ ਕਿ ਸਰਕਾਰ ਕੋਲ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਰੰਗੂਨ ਭੇਜਣ ਤੋਂ ਬਿਨਾਂ ਕੋਈ ਰਸਤਾ ਨਾ ਰਿਹਾ। ਰੰਗੂਨ ਵਿਚ ਉਨ੍ਹਾਂ ਨਾਲ ਉਹੀ ਬੀਤੀ ਜੋ ਅੰਤਲੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨਾਲ ਬੀਤੀ ਸੀ। ਦੋਵੇਂ ਜਲਾਵਤਨੀ ਵਿਚ ਸ਼ਹੀਦ ਹੋਏ।

(ਰੰਗੂਨ ਵਿਚ ਸਤਿਗੁਰੂ ਜੀ ਨੂੰ ਉਸੇ ਬੰਗਲੇ ਵਿਚ ਰੱਖਿਆ ਗਿਆ ਜਿੱਥੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਰੱਖਿਆ ਗਿਆ ਸੀ। ਉਸ ਤੋਂ ਬਾਦ ਦੂਸਰੀਆਂ ਥਾਵਾਂ ਤੇ ਤਬਦੀਲ ਕੀਤਾ ਗਿਆ। ਸਤਿਗੁਰੂ ਜੀ ਦੇ ਦੇਹ ਤਿਆਗਣ ਦੀ ਖਬਰ ਸਰਕਾਰ ਨੇ ਨਸ਼ਰ ਕੀਤੀ ਪਰ ਨਾਮਧਾਰੀ ਵਿਸ਼ਵਾਸਾਂ ਅਨੁਸਾਰ ਇਹ ਖਬਰ ਝੂਠੀ ਹੈ—ਸੰਪਾਦਕ)

ਨਾਮਧਾਰੀਆਂ ਦਾ ਇਹ ਯੋਗਦਾਨ ਇਤਿਹਾਸਕਾਰਾਂ ਨੇ ਨਹੀਂ ਗੋਲਿਆ। ਭਾਵੇਂ ਮਹਾਤਮਾ ਗਾਂਧੀ ਵਲੋਂ ੧੯੨੦ ਵਿਚ ਆਰੰਭ ਕੀਤੀ ਨਾ-ਮਿਲਵਰਤਨ ਲਹਿਰ ਦੇ ਬੀਜ ਵੀ ਸਤਿਗੁਰੂ ਰਾਮ ਸਿੰਘ ਨੇ ਬੀਜੇ ਸਨ ਪਰ ਹੁਣ ਤਕ ਇਤਿਹਾਸਕਾਰ ਭਾਰਤ ਦੇ ਸਮੁੱਚੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਨਕਾਰਦੇ ਆਏ ਹਨ। ਇਨ੍ਹਾਂ ਜੁਝਾਰੂ ਸਰਗਰਮੀਆਂ ਨੂੰ ਉਭਾਰਨ ਦੀ ਥਾਂ ਮਹਾਰਾਜਾ ਪਟਿਆਲਾ ਆਦਿ ਦੇ ਅਜਿਹੇ ਕਰਤੱਵ ਹੀ ਉਭਾਰੇ ਗਏ ਹਨ ਜੋ ਨਾਂਹ-ਪੱਖੀ ਸਨ। ਹੁਣ ਸੁਤੰਤਰਤਾ ਪ੍ਰਾਪਤੀ ਤੋਂ ਛੇ ਦਹਾਕੇ ਪਿੱਛੋਂ ਇਸ ਮਿੱਥ ਨੂੰ ਤੋੜਨ ਦੇ ਯਤਨ ਸਾਹਮਣੇ ਆਉਣ ਲੱਗੇ ਹਨ।

ਪਿਛਲੇ ਦਿਨੀਂ ਦਿੱਲੀ ਦੇ ਕੋਟਲਾ ਫਿਰੋਜ਼ ਸ਼ਾਹ ਦੇ ਖੰਡਰਾਂ ਵਿਚ ਕੀਤਾ ਗਿਆ ਮਲਟੀ ਮੀਡੀਆ ਪ੍ਰੋਗਰਾਮ, ਜਿਸ ਵਿਚ ਰੌਸ਼ਨੀ ਤੇ ਆਵਾਜ਼ ਦੀ ਪੇਸ਼ਕਾਰੀ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ, ਇਸ ਪੱਖ ਤੋਂ ਪਹਿਲਾ ਸਾਕਾਰਾਤਮਿਕ ਯਤਨ ਕਿਹਾ ਜਾ ਸਕਦਾ ਹੈ। ਇਹ ਦਿੱਲੀ ਦੀ ਪੰਜਾਬੀ ਅਕਾਦਮੀ ਤੇ ਭਾਰਤ ਸਰਕਾਰ ਦੇ ਸੱਭਿਆਚਾਰਕ ਵਿਭਾਗ ਦੇ ਸਹਿਯੋਗ ਨਾਲ ਹੋਇਆ। ਇਸ ਪ੍ਰੋਗਰਾਮ ਦੀ ਰੂਪ-ਰੇਖਾ ਤੇ ਪਟਕਥਾ ਮੁੰਬਈ ਫ਼ਿਲਮ ਜਗਤ ਦੇ ਜਾਣੇ-ਪਛਾਣੇ ਹਸਤਾਖਰ ਅਮਰੀਕ ਗਿੱਲ ਨੇ ਤਿਆਰ ਕੀਤੀ। ਪੂਰੇ ਪ੍ਰੋਗਰਾਮ ਦਾ ਨਿਰਦੇਸ਼ਕ ਵੀ ਉਹੀ ਸੀ। ਉਸ ਪੇਸ਼ਕਾਰੀ ਦੀ ਗੂੰਜ ਅੱਜ ਤੱਕ ਮੇਰੇ ਕੰਨਾਂ ਵਿਚ ਪੈ ਰਹੀ ਹੈ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਚਿੱਟੀਆਂ ਪੱਗਾਂ ਵਾਲੇ ਨਾਮਧਾਰੀ ਬੀਬੀਆਂ ਤੇ ਉਨ੍ਹਾਂ ਦੇ ਘੋੜੇ ਵੀ ਸਨ। ਇਹ ਕੁਦਰਤੀ ਸੀ ਕਿ ਸਰੋਤਿਆਂ ਵਿਚ ਵੀ ਚਿੱਟੀਆਂ ਪੱਗਾਂ ਤੇ ਚਿੱਟੇ ਦੁਪੱਟੇ ਲਹਿਰਾ ਰਹੇ ਸਨ। ਇਹ ਦਰਸ਼ਕ ਪੰਜਾਬ ਦੇ ਭੈਣੀ ਸਾਹਿਬ ਤੋਂ ਬਿਨਾ ਹਰਿਆਣਾ ਦੇ ਸਿਰਸਾ ਖੇਤਰ ਤੋਂ ਚੱਲ ਕੇ ਆਏ ਸਨ। ਕੋਟਲਾ ਦੇ ਖੰਡਰਾਂ ਵਿਚ ਸ਼ਕਤੀਸ਼ਾਲੀ ਬੱਤੀਆਂ ਚਾਨਣ ਵੰਡ ਰਹੀਆਂ ਸਨ ਅਤੇ ਘੋੜਿਆਂ ਦੀਆਂ ਟਾਪਾਂ ਤੇ ਕੂਕਿਆਂ ਦੀਆਂ ਕੂਕਾਂ ਆਪੋ-ਆਪਣੀ ਗੂੰਜ ਪੈਦਾ ਕਰ ਰਹੀਆਂ ਸਨ। ਨਿਸ਼ਚੇ ਹੀ ਕੋਟਲਾ ਫਿਰੋਜ਼ ਸ਼ਾਹ ਦੇ ਖੰਡਰਾਂ ਵਿਚ ਨਾਮਧਾਰੀ ਲਹਿਰ ਦੀ ਗੂੰਜ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੇ ਯੋਗਦਾਨ ਦੀ ਭਰਵੀਂ ਪਹਿਚਾਣ ਬਣਾਉਣ ਵਾਲੀ ਸੀ। ਇਹ ਪਹਿਲੀ ਵਾਰ ਹੈ ਕਿ ਇਸ ਵਿਲੱਖਣ ਸੂਰਮਗਤੀ ਨੂੰ ਰੌਸ਼ਨੀ ਤੇ ਆਵਾਜ਼ ਦੇ ਮਾਧਿਅਮ ਨਾਲ ਫੜਿਆ ਗਿਆ ਹੈ। ਖੂਬੀ ਇਹ ਹੈ ਕਿ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਯੋਗਦਾਨ ਵੀ ਕਲਾਮਈ ਢੰਗ ਨਾਲ ਪਰੋਇਆ ਮਿਲਦਾ ਹੈ। ਅਮਰੀਕ ਗਿੱਲ ਹੀ ਨਹੀਂ ਪੰਜਾਬੀ ਅਕਾਦਮੀ ਦਿੱਲੀ ਤੇ ਭਾਰਤ ਸਰਕਾਰ ਸਾਡੀ ਵਧਾਈ ਤੇ ਸ਼ੁਕਰਾਨੇ ਦੇ ਸਾਂਝੇ ਹੱਕਦਾਰ ਹਨ।

*ਕਾਲਮ ਨਿੱਕ ਸੁੱਕ*
*ਅਜੀਤ- ੨੩ ਮਾਰਚ ੨੦੧੧*
*ਵਿਚੋਂ ਧੰਨਵਾਦ ਸਹਿਤ*



Namdhari Elibrary NamdhariElibrary@gmail.com

# ਆਜ਼ਾਦੀ ਸੰਗਰਾਮ ਵਿਚ ਅਪ੍ਰੈਲ ਦਾ ਮਹੀਨਾ

*-ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ*

੬ ਅਪ੍ਰੈਲ ੧੯੦੯: ਅਲੀਪੁਰੋ ਬੰਬ ਸਾਜ਼ਸ਼ ਕੇਸ (ਬੰਗਾਲ) - ਅਦਾਲਤੀ ਫ਼ੈਸਲਾ:

ਰੌਲੱਟ ਰੀਪੋਰਟ ਅਨੁਸਾਰ ਕੁਝ ਪੜ੍ਹੇ-ਲਿਖੇ ਵਿਦਰੋਹੀਆਂ ਨੇ ਬਾਦਸ਼ਾਹ ਵਿਰੁੱਧ ਜੰਗ ਵਿਢਣ ਦੀ ਸਾਜ਼ਸ਼ ਹਿਤ, ਕਲੱਕਤਾ ਵਿਖੇ ਕੇਂਦਰ ਕਾਇਮ ਕਰਕੇ ਹਥਿਆਰ ਆਦਿ ਜੁਟਾਏ ਤੇ ਅਖਬਾਰਾਂ ਰਾਹੀਂ ਪ੍ਰਚਾਰ ਕੀਤਾ। ੨ ਮਈ ੧੯੦੮ ਨੂੰ ਸੂਹ ਮਿਲਣ ਤੇ ਇਕੋ ਵੇਲੇ ਕਈ ਥਾਂਈਂ ਛਾਪੇ ਮਾਰਕੇ ਗ੍ਰਿਫ਼ਤਾਰੀਆਂ, ਤਲਾਸ਼ੀਆਂ ਰਾਹੀਂ ਦੋਸ਼ੀ ਤੇ ਅਸਲ੍ਹਾ ਆਦਿ ਕਬਜ਼ੇ ਵਿਚ ਲਏ ਗਏ।

ਅਦਾਲਤ ਨੇ ਮੁੱਖ ਦੋਸ਼ੀ ਅਰੋਬਿੰਦੂਘੋਸ਼ ਨੂੰ ਸ਼ੱਕ ਦਾ ਫਾਇਦਾ ਦੇਕੇ ਬਰੀ ਕਰ ਦਿੱਤਾ (ਉਹੀ ਅਰੋਬਿੰਦੂ ਜਿਨ੍ਹਾਂ ਨੇ ਅਧਿਆਤਮਕ ਜੀਵਨ ਇਖ਼ਤਿਆਰ ਕਰਕੇ ਪਾਂਡੀਚਰੀ ਵਿਖੇ ਆਸ਼ਰਮ ਸਥਾਪਤ ਕੀਤਾ), ਉਹਨਾਂ ਦੇ ਛੋਟੇ ਭਰਾ ਬਰਿੰਦਰਾ ਕੁਮਾਰ ਘੋਸ਼ ਤੇ ੧੫ ਹੋਰਨਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਕਾਲੇ ਪਾਣੀ ਸੈਲੂਲਰ ਜੇਲ੍ਹ ਦੇ ੧੯੦੬ ਵਿਚ ਦੀ ਉਸਾਰੀ ਪਿੱਛੋਂ ਉੱਥੇ ਕੈਦ ਕਟੱਣ ਵਾਲੇ ਇਹ ਪਹਿਲੇ ਰਾਜਸੀ ਬੰਦੀ ਸਨ।

੮ ਅਪ੍ਰੈਲ ੧੯੦੮:

ਪੰਜਾਬ ਚੀਫ਼ (ਹਾਈ) ਕੋਰਟ ਨੇ ਸ਼ਹੀਦ ਭਗਤ ਸਿੰਘ ਦੇ ਪਿਤਾ (ਸ. ਕਿਸ਼ਨ ਸਿੰਘ) ਤੇ ਚਾਚੇ (ਸ. ਅਜੀਤ ਸਿੰਘ) ਦੀ ਲਾਹੌਰ ਦੰਗਾ ਕੇਸ ਸੰਬੰਧੀ ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਖਾਰਜ ਕਰ ਦਿੱਤੀ, ਜਿਸ ਤਹਿਤ ਲਾਹੌਰ ਦੀ ਸੈਸ਼ਨ ਅਦਾਲਤ ਨੇ ਇਹਨਾਂ ਨੂੰ ਦੋ-ਦੋ ਸਾਲ ਕੈਦ ਦੀ ਸਜ਼ਾ ਸੁਣਾਈ ਹੋਈ ਸੀ। ਜ਼ਿਕਰਯੋਗ ਹੈ ਕਿ ਇਸੇ ਕੇਸ ਵਿਚ ਸ. ਕਿਸ਼ਨ ਸਿੰਘ ਨੂੰ ੧੩ ਅਗਸਤ ੧੯੦੭ ਵਿੱਚ ਖਟਮੰਡੂ(ਨੀਪਾਲ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

੮ ਅਪ੍ਰੈਲ ੧੯੨੯:

ਅਸੈਂਬਲੀ ਬੰਬ ਧਮਾਕੇ ਦੇ ਮੌਕੇ ਦੇ ਗਵਾਹਾਂ ਅਨੁਸਾਰ ਦਿਨ ਦੇ ੧੨ ਵਜੇ ਭਗਤ ਸਿੰਘ ਤੇ ਦੱਤ ਨੇ ਸੈਂਟਰਲ ਅਸੈਂਬਲੀ ਵਿਚ ਉਪਰ ਥੱਲੇ ਦੋ ਬੰਬ ਧਮਾਕੇ ਕੀਤੇ ਤੇ 'ਇਨਕਲਾਬ ਜ਼ਿੰਦਾਬਾਦ', 'ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਲਾਉਂਦਿਆਂ, ਤੇ 'ਐਚ.ਐਸ.ਆਰ.ਏ.' ਦੇ ਕਮਾਡਰ-ਇਨ-ਚੀਫ਼ 'ਬਲਰਾਜ' ਦੇ ਨਾਂ ਹੇਠ ਛਾਪੇ ਗਏ ਪੋਸਟਰਾਂ ਦੀ ਵਰਖਾ ਕਰਦਿਆ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਵਰਣਨਯੋਗ ਹੈ ਕਿ ਇਸ ਕਾਰਵਾਈ ਦੀ 'ਤਿਆਰੀ' ਵਜੋਂ ਭਗਤ ਸਿੰਘ ਤੇ ਦੱਤ ਨੇ ੩-੬ ਅਪ੍ਰੈਲ ਦੌਰਾਨ ਦਿੱਲੀ ਕਸ਼ਮੀਰੀ ਗੇਟ ਸਥਿਤ ਫ਼ੋਟੋ ਗਰਾਫ਼ਰ ਰਾਮਨਾਥ ਤੋਂ ਫੋਟੋਆਂ ਖਿਚਵਾਈਆਂ ਤੇ ਇਨ੍ਹਾਂ ਫੋਟੋਆਂ ਦੇ ਨੈਗੇਟਿਵ ਵੀ ਲੈ ਲਏ ਸੀ, ਜਿਨ੍ਹਾਂ ਦੇ ਆਧਾਰ ਤੇ ਇਹਨਾਂ ਤਸਵੀਰਾਂ ਦੀਆਂ ਕਈ ਕਾਪੀਆਂ ਤਿਆਰ ਕਰਵਾਈਆਂ ਗਈਆਂ, ਜੋ ਅਖਬਾਰਾਂ, ਰਸਾਲਿਆਂ, ਪੋਸਟਰਾਂ ਵਿਚ ਛਪਦੀਆਂ ਰਹੀਆਂ ਸਨ।

੮ ਅਪ੍ਰੈਲ ਵਾਲਾ 'ਐਕਸ਼ਨ', ਇਨਕਲਾਬੀ ਰਵਾਇਤ ਦੇ ਉਲਟ ਕਿਸੇ ਨੂੰ ਨੁਕਸਾਨ ਪਹੁੰਚਾਏ ਬਗ਼ੈਰ, ਮੌਕੇ ਤੇ ਗ੍ਰਿਫਤਾਰੀ ਦੇਣ ਉਪਰੰਤ ਜੁਰਮ ਦਾ ਇਕਬਾਲ ਕਰ ਲੈਣਾ, ਅਜੇਹੀ ਦੂਰਦਰਸ਼ੀ ਰਣਨੀਤੀ ਹੋ ਨਿਬੜੀ ਜਿਸ ਰਾਹੀਂ 'ਇਨਕਲਾਬ ਜ਼ਿੰਦਾਬਾਦ' ਦੀ ਗੂੰਜਾਰ ਦੇਸ਼ ਦੇ ਕੋਨੇ-ਕੋਨੇ ਤੋਂ ਸੁਣਾਈ ਦੇਣ ਲੱਗ ਪਈ ਸੀ।

੧੩ ਅਪ੍ਰੈਲ 1919 (ਅੰਮ੍ਰਿਤਸਰ: ਜਲ੍ਹਿਆਂਵਾਲੇ ਬਾਗ਼ ਦਾ ਕਤਲੇਆਮ):

ਪੁਰ ਅਮਨ ਜਲਸਾ ਕਰ ਰਹੇ ਭਾਰਤੀਆਂ ਨੂੰ ਬਗ਼ੈਰ ਕੁਝ ਦੱਸੇ ਉਨ੍ਹਾਂ ਤੇ ਗੋਲੀਆਂ ਦੀ ਵਰਖਾ ਕਰ ਕੇ ਬਰਬਰੀਅਤ ਦੀ ਹੋਲਨਾਕ ਮਿਸਾਲ ਕਾਇਮ ਕੀਤੀ ਗਈ। ਇਥੇ ਇਹ ਦੱਸਣਾ ਕੁਥਾਏਂ ਨਹੀਂ ਹੋਵੇਗਾ ਕਿ ਇਸ ਸਾਕੇ ਤੋਂ ੮ ਮਹੀਨੇ ਪਿੱਛੋਂ ਹੀ, ਅੰਮ੍ਰਿਤਸਰ ਸ਼ਹਿਰ ਵਿੱਖੇ ਹੋਏ ਕੁਲ ਹਿੰਦ ਕਾਂਗਰਸ ਸੈਸ਼ਨ ਦੌਰਾਨ ਪਾਸ ਕੀਤੇ ਗਏ



Namdhari Elibrary NamdhariElibrary@gmail.com

ਮੱਤਿਆਂ ਵਿਚ ਬਾਦਸ਼ਾਹ ਪ੍ਰਤੀ ਵਫਾਦਾਰੀ ਜਿਤਾਉਣ ਤੇ ਪਹਿਲੀ ਵੱਡੀ ਜੰਗ ਦੀ ਕਾਮਯਾਬੀ ਲਈ ਵਧਾਈ ਦਾ ਉਲੇਖ ਵੀ ਕੀਤਾ ਗਿਆ ਸੀ।

੧੪ ਅਪ੍ਰੈਲ ੧੯੧੯:

ਸਕੂਲ ਪੜ੍ਹਨ ਜਾਣ ਦੀ ਬਜਾਏ ਭਗਤ ਸਿੰਘ ਲਾਹੌਰ ਤੋਂ ਅੰਮ੍ਰਿਤਸਰ ਦੀ ਗੱਡੀ ਲੈਕੇ ਜਲਿਆਂਵਾਲਾ ਬਾਗ਼ ਪਹੁੰਚਿਆਂ ਤੇ ਸ਼ੀਸ਼ੀ ਵਿਚ ਲਹੂਭਿਨੀ ਮਿੱਟੀ ਲੈਕੇ ਵਾਪਿਸ ਮੁੜ ਗਿਆ, ਜਿਸਨੂੰ ਉਸਨੇ ਜੀਅ ਜਾਨ ਨਾਲ ਸੰਭਾਲ ਕੇ ਰੱਖਿਆ।

੧੫ ਅਪ੍ਰੈਲ ੧੯੧੮:

ਰੌਲਟ ਕਮੇਟੀ, ਜੋ ਦਸੰਬਰ ੧੯੧੭ ਵਿੱਚ ਜੰਗ ਦੌਰਾਨ ਵਿਦਰੋਹੀ ਕਾਰਵਾਈਆਂ ਦੀ ਰੋਕਥਾਮ ਹਿੱਤ ਕਾਨੂੰਨੀ ਪੇਸਬੰਦੀਆਂ ਸੁਝਾਉਣ ਲਈ ਬਿਠਾਈ ਗਈ ਸੀ, ਨੇ ਆਪਣੀ ਰੀਪੋਰਟ ੧੫ ਅਪ੍ਰੈਲ ੧੯੧੮ ਨੂੰ ਪੇਸ਼ ਕੀਤੀ ਜਿਸ ਵਿਚ ਆਉਣ ਵਾਲੇ ਸਮੇਂ ਵਿਚ ਬੰਗਾਲੀ, ਮਹਾਰਾਸ਼ਟਰੀ ਤੇ ਪੰਜਾਬੀ ਗ਼ਦਰੀਆਂ ਵਰਗੇ ਵਿਦਰੋਹੀ ਅਨਸਰਾਂ ਦੇ ਪਨਪਣ ਦੀ ਕਿਸੇ ਸੰਭਾਵਨਾ ਵਿਰੁੱਧ ਨਾਦਰਸ਼ਾਹੀ ਕਾਨੂੰਨ ਜਾਰੀ ਕੀਤੇ ਜਾਣ ਦੀ ਸਿਫਾਰਸ਼ ਕੀਤੀ ਗਈ ਸੀ, ਜੋ ਪਿੱਛੋਂ ਰੌਲਟ ਬਿੱਲ-ਐਕਟ ਦੇ ਰੂਪ ਵਿੱਚ ਸਾਹਮਣੇ ਆਇਆ ਸੀ।

੧੬ ਅਪ੍ਰੈਲ ੧੯੦੭:

ਪੰਜਾਬ ਚੀਫ਼ (ਹਾਈ ਕੋਰਟ) ਨੇ 'ਪੰਜਾਬੀ' ਕੇਸ ਦੀ ਅਪੀਲ ਅਧੀਨ ਦੋਸ਼ੀਆਂ ਦੀ ਸਜ਼ਾ ਵਿਚ ਕੁਝ ਢਿੱਲ ਦੇ ਦਿੱਤੀ ਸੀ। ਇਸ ਵਾਕੇ ਵਿਚ ਇਸ ਕੇਸ ਦੇ ਕੈਦੀਆਂ ਨੂੰ ਅਦਾਲਤ ਤੋਂ ਜੇਲ੍ਹ ਲੈ ਕੇ ਜਾਣ ਦੌਰਾਨ ਗੱਡੀ ਰੋਕ ਕੇ, ਪੋਲੀਸ ਅਫਸਰ ਤੇ ਚਿਕੜ ਸੁਟਦਿਆਂ, ਕੈਦੀਆਂ ਨੂੰ ਹਾਰ ਪਾਏ ਗਏ ਸਨ।

੧੮ ਅਪ੍ਰੈਲ ੧੮੯੯:

ਮਹਾਂਰਾਸ਼ਟਰ ਦੇ ਤਿੰਨ ਦੇਸ਼ ਭਗਤ, ਸਕੇ ਭਰਾਂ ਜੋ ਫਾਂਸੀ ਲਾਕੇ ਸ਼ਹੀਦ ਕੀਤੇ ਗਏ ਸੀ, (ਉਹਨਾਂ) ਚੋਂ ਵੱਡੇ ਦਮੋਦਰ ਚਪੇਕਰ ਦੀ ਸ਼ਹਾਦਤ ਉਕਤ ਤਰੀਕ ਨੂੰ ਯਰਵਾਦਾ ਜੇਲ੍ਹ ਪੂਨਾ ਵਿਚ ਹੋਈ।

੧੮ ਅਪ੍ਰੈਲ ੧੯੩੦:

ਚਿਟਾਗਾਂਗ (ਬੰਗਾਲ) ਵਿਦਰੋਹ ਦੇ ਇਨਕਲਾਬੀਆਂ ਨੇ ਵੱਡੀ ਗਿਣਤੀ ਵਿਚ ਹਮਲਾ ਕਰਕੇ, ਹਥਿਆਰਬੰਦ ਪੋਲੀਸ ਦੇ ਅਸਲ੍ਹਾ ਖਾਨੇ ਤੇ ਕਬਜ਼ਾ ਕਰਕੇ ਆਜ਼ਾਦੀ ਦਾ ਐਲਾਨ ਕਰ ਦਿੱਤਾ। ਸਰਕਾਰੀ ਜਵਾਬੀ ਕਾਰਵਾਈ ਦੌਰਾਨ ਨੇੜਲੇ ਜੰਗਲੀ ਇਲਾਕੇ ਵਿਚ ਗਹਿਗੱਚ ਝੜਪਾਂ ਪਿੱਛੋਂ ਹੀ ਇਸ ਵਿਦਰੋਹ ਤੇ ਕਾਬੂਪਾਇਆ ਜਾ ਸਕਿਆ ਸੀ।

੨੦ ਅਪ੍ਰੈਲ ੧੯੧੫:

ਪ੍ਰਸਿੱਧ ਗਦਰੀ ਸੱਜਣ ਸਿੰਘ ਉਰਫ਼ ਅਰਜਨ ਸਿੰਘ (ਖਖਰਾਨਾ - ਫੀਰੋਜਪੁਰ) ਨੂੰ ੨੪ ਸਾਲ ਦੀ ਉਮਰੇ ਲਾਹੌਰ - ਅਨਾਰਕਲੀ ਵਿਖੇ, ਗ੍ਰਿਫਤਾਰ ਕਰ ਰਹੇ ਪੁਲਸੀਏ ਨੂੰ ਮਾਰ ਮੁਕਾਉਣ ਦੇ ਜੁਰਮ ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ਹੀਦ ਕੀਤਾ ਗਿਆ।

### ਦਿੱਲੀ-ਟਰਾਂਟੋ ਉਡਾਨ ਔਰਤਾਂ ਦੇ ਹਵਾਲੇ

ਨਵੀਂ ਦਿੱਲੀ— ਅੰਤਰਰਾਸ਼ਟਰੀ ਔਰਤ ਦਿਵਸ ਮਨਾਉਂਦੇ ਹੋਏ ਅੱਜ ਇੱਥੋਂ ਟੋਰਾਂਟੋ ਜਾਣ ਵਾਲੀ ੧੫ ਘੰਟੇ ਦੀ ਨਾਨਸਟਾਪ ਉਡਾਨ ਦਾ ਸਾਰਾ ਅਮਲਾ ਔਰਤਾਂ ਦਾ ਭੇਜਿਆ ਗਿਆ। ਏਅਰ ਇੰਡੀਆ-੧੮੭ ਦੀ ਉਡਾਨ ਨੂੰ ਨਾ ਕੇਵਲ ੧੧ ਮੈਂਬਰ ਔਰਤ ਅਮਲੇ ਨੇ ਉਡਾਇਆ ਸਗੋਂ ਔਰਤ ਇੰਜਨੀਅਰਾਂ ਨੇ ਹੀ ਇੰਦਰਾ ਗਾਂਧੀ ਅੰਤਰਾਸ਼ਟਰੀ ਹਵਾਈ ਅੱਡੇ 'ਤੇ ਜਹਾਜ਼ ਦੀ ਉਡਾਨ ਤੋਂ ਪਹਿਲਾਂ ਤਕਨੀਕੀ ਜਾਂਚ ਕੀਤੀ। ਕੈਪਟਨ ਰਸ਼ਮੀ ਮਿਰਾਂਡਾ ਜਹਾਜ਼ ਦੀ ਕਮਾਂਡਰ ਸੀ ਅਤੇ ਕੈਪਟਨ ਸੁਨੀਤਾ ਨਰੂਲਾ ਯਾਦਗਾਰੀ ਉਡਾਨ ਦੀ ਫਸਟ ਅਫ਼ਸਰ ਸੀ। ਇਕ ਬੁਲਾਰੇ ਨੇ ਦੱਸਿਆ ਕਿ ਏਅਰ ਲਾਈਨ ਨੇ ਅੱਜ ਸਮੁੱਚੇ ਔਰਤ ਅਮਲੇ ਨਾਲ ਕਈ ਘਰੇਲੂ ਉਡਾਨਾਂ ਵੀ ਉਡਾਈਆਂ। ਇਨ੍ਹਾਂ 'ਚ ਦਿੱਲੀ-ਪਟਨਾ, ਦਿੱਲੀ-ਰਾਏਪੁਰ-ਨਾਗਪੁਰ, ਦਿੱਲੀ-ਲਖਨਊ, ਮੁੰਬਈ-ਬੰਗਲੌਰ, ਚੇਨਈ-ਮੁੰਬਈ ਅਤੇ ਬੰਗਲੌਰ-ਦਿੱਲੀ ਸੈਕਟਰਾਂ 'ਤੇ ਉਡਾਨਾਂ ਵੀ ਸ਼ਾਮਿਲ ਹਨ। ਏਅਰ ਇੰਡੀਆ ਵਿਚ ੧੫੭ ਔਰਤ ਪਾਇਲਟ ਹਨ ਅਤੇ ਇਸ ਦੇ ਕੁਲ ਮੁਲਾਜ਼ਮਾਂ 'ਚੋਂ ੪੩੦੦ ਔਰਤਾਂ ਹਨ।

*(ਅਜੀਤ 9-3-2011)*



Namdhari Elibrary NamdhariElibrary@gmail.com

# ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ

*-ਸਵਾਮੀ ਬ੍ਰਹਮਦੇਵ 'ਉਦਾਸੀ'*

...ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪ੍ਰਭੂ ਪ੍ਰਾਪਤੀ ਦਾ ਰਸਤਾ ਵੀ ਨਾਦ ਹੀ ਹੈ। ਇਸੇ ਨਾਦ ਵਿਚੋਂ ਹੀ ਵੇਦ ਉਤਪੰਨ ਹੋਏ ਹਨ। ਨਾਦ ਤੋਂ ਹੀ ਬਿੰਦੂ ਪ੍ਰਣਵ ਜਾਂ ਓਮਕਾਰ ਉਤਪੰਨ ਹੁੰਦਾ ਹੈ। ਪੰਜਾਂ ਭੂਤਾਂ ਵਿਚੋਂ ਵੀ ਸਭ ਤੋਂ ਪਹਿਲਾਂ ਮਹਾਂਭੂਤ ਅਕਾਸ਼ ਉਤਪੰਨ ਹੋਇਆ। ਜਿਸਦਾ ਗੁਣ ਸ਼ਬਦ ਹੈ। ਇਸ ਲਈ ਪੰਜਾਂ ਤੱਤਾਂ ਦੀ ਉਤਪੱਤੀ ਦਾ ਮੁੱਢ ਵੀ ਇੱਥੋਂ ਹੀ ਬੱਝਦਾ ਹੈ। ਇਸ ਧੁਨੀ ਦੀ ਉਤਪੱਤੀ ਅਗਨੀ ਅਤੇ ਪ੍ਰਾਣ ਦੇ (ਵਾਯੂ) ਸੰਜੋਗ ਤੋਂ ਹੀ ਹੁੰਦੀ ਹੈ। ਨਾਭੀ ਦੇ ਹੇਠ ਰਹਿਣ ਵਾਲੀ ਬ੍ਰਹਮ ਗੰਢੀ ਵਿਚ ਪ੍ਰਾਣ ਦਾ ਨਿਵਾਸ ਹੈ ਤੇ ਉਸਨੂੰ ਪ੍ਰੇਰਨਾ ਅਗਨੀ ਕਰਦੀ ਹੈ। ਇਹੋ ਨਾਦ ਫਿਰ ਪਹਿਲਾਂ ਨਾਭੀ ਵਿਚ, ਉਸ ਤੋਂ ਅੱਗੇ ਹਿਰਦੇ ਦੇਸ਼ ਵਿਚ ਸੂਖਮ ਰੂਪ ਨਾਲ ਪਹੁੰਚ ਕੇ ਕੰਠ ਵਿਚ ਜਾ ਕੇ ਪੁਸ਼ਟੀ ਨੂੰ ਪ੍ਰਾਪਤ ਕਰਕੇ, ਮੁੱਖ ਅੰਦਰੋਂ ਅਸਥੂਲ ਰੂਪ ਧਾਰਨ ਕਰਕੇ ਬਾਹਰ ਆਉਂਦਾ ਹੈ। ਯੋਗ ਦਿਆਂ ਗ੍ਰੰਥਾਂ ਵਿਚ ਇਹ ਵੀ ਵੇਖਣ ਵਿਚ ਆਇਆ ਹੈ ਕਿ 'ਨੰਨਾ' ਅੱਖਰ ਪ੍ਰਾਣ ਹੈ 'ਦੱਦਾ' ਅਗਨੀ ਤੇ ਦੋਹਾਂ ਦੇ ਵਿਚ ਰਹਿਣ ਵਾਲਾ "ਆਤਮਾ" 'ਅਹੰ ਬ੍ਰਹਮ" ਰੂਪ ਹੈ। ਇਸ ਅਨਾਹਦ ਨਾਦ ਨੂੰ ਯੋਗੀ ਲੋਕ ਆਪਣੀ ਮੰਜ਼ਿਲ ਮੰਨਦੇ ਹਨ। ਧਰਮ, ਅਰਥ, ਕਾਮ, ਮੋਖ ਚਾਰੇ ਪੁਰਸ਼ਾਰਥ ਅਤੇ ਸਭ ਸਿੱਧੀਆਂ ਨਾਦ ਦੇ ਹੀ ਅਧੀਨ ਹਨ। ਇਸਦਾ ਮਹਾਤਮ ਅਨੰਤ ਹੈ। ਸੰਗੀਤ ਦਰਪਣ ਵਿਚ ਇਕ ਬੜੀ ਸੁੰਦਰ ਉਕਤੀ ਆਉਂਦੀ ਹੈ।

"नादाब्धेस्तु परं पारं न जानाति सरस्वती।

आपि मज्जनभयात्तुम्बं वहति वक्षसि। (सं. द)"

ਇਸਦਾ ਅਰਥ ਹੈ ਕਿ ਦੇਵੀ ਸਰਸਵਤੀ ਨਾਦ ਭਾਵ ਸੰਗੀਤ ਰੂਪ ਸਮੁੰਦਰ ਵਿਚ ਡੁੱਬ ਜਾਣ ਦੇ ਡਰੋਂ ਅੱਜ ਤੱਕ ਵੱਡੇ ਵੱਡੇ ਤੂੰਬਿਆਂ ਨਾਲ ਜੜਿਤ ਬੀਣਾ ਆਪਣੀ ਛਾਤੀ ਨਾਲ ਲਗਾਕੇ ਰੱਖਦੀ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸਦਿਆਂ ਲੱਕੜ ਦਾ ਤੁਲਹਾ ਬਣਾ ਕੇ ਜਲ ਉੱਪਰ ਤਰਿਆ ਜਾਂਦਾ ਹੈ। ਟਾਇਰ ਦੀ ਟਿਊਬ ਵਿਚ ਹਵਾ ਭਰ ਕੇ ਵੀ ਡੁੱਬਣੋਂ ਬਚਿਆ ਜਾਂਦਾ ਹੈ। ਏਸੇ ਪ੍ਰਕਾਰ ਜੇ ਵੱਡੇ ਵੱਡੇ ਪੰਜ ਸੱਤ ਕੌੜੇ ਕੱਦੂ ਤੋੜ ਕੇ ਉਹਨਾਂ ਦੇ ਆਸਰੇ ਜਲ ਵਿਚ ਉੱਤਰਿਆ ਜਾਵੇ ਤਾਂ ਉਹ ਵੀ ਜਲ ਯਾਤਰੀ ਨੂੰ ਡੁੱਬਣੋਂ ਬਚਾ ਲੈਂਦੇ ਹਨ। ਏਸੇ ਕੱਦੂ ਦੇ ਬਿੰਬ ਨੂੰ ਲੈ ਕੇ ਹੀ ਦਰਪਣਕਾਰ ਨੇ ਇਹ ਦਲੀਲ ਦਿੱਤੀ ਹੈ ਕਿ ਸੰਗੀਤ ਰੂਪ ਸਮੁੰਦਰ ਵਿਚ ਡੁੱਬਣ ਤੋਂ ਬਚਣ ਲਈ ਹੀ ਮਾਤਾ ਸਰਸਵਤੀ ਦੋ ਵੱਡੇ-ਵੱਡੇ ਤੂੰਬਿਆਂ ਨਾਲ ਜੜੀ ਹੋਈ ਵੀਣਾ ਨੂੰ ਸਦਾ ਆਪਣੀ ਛਾਤੀ ਨਾਲ ਲਗਾ ਕੇ ਰੱਖਦੀ ਹੈ। ਜਿਸਦਾ ਭਾਵ ਹੈ ਕਿ ਸੰਗੀਤ ਦੇ ਸਮੁੰਦਰ ਦਾ ਪਾਰਾਵਾਰ ਦੇਵੀ ਸਰਸਵਤੀ ਵੀ ਨਹੀਂ ਪਾ ਸਕਦੀ। ਮਾਧਵਾਨਲ ਕਾਮ ਕੰਦਲਾ ਦੇ ਕਿੱਸੇ ਦੇ ਅਨੁਸਾਰ ਮਾਧਵਾਨਲ ਸੰਗੀਤਕਾਰ ਨੂੰ ਦੰਡ ਮਿਲਿਆ ਹੀ ਤਾਂ ਸੀ ਕਿ ਉਹ ਸੰਗੀਤ ਦਾ ਏਡਾ ਵੱਡਾ ਜਾਣੂੰ ਸੀ ਕਿ ਉਸਦੀ ਵੀਣਾ ਦੇ ਸੁਰਾਂ ਨੇ ਹੀ ਉਸ ਨੂੰ ਦੇਸ਼ ਨਿਕਾਲਾ ਦਿਵਾਇਆ ਸੀ ਅਤੇ ਅੰਤ ਇਸ ਸੰਗੀਤ ਦੇ ਇਸ਼ਕ ਨੇ ਹੀ ਉਸਦੀ ਜਾਨ ਲੈ ਲਈ। ਕਥਾ ਇਕ ਪ੍ਰਕਾਰ ਹੈ : ਕਿ ਪੁਹਪਵਤੀ ਨਾਮ ਵਾਲੀ ਇਕ ਰਾਜਧਾਨੀ ਵਿਚ ਗੋਵਿੰਦ ਨਾਮ ਦਾ ਰਾਜਾ ਰਾਜ ਕਰਦਾ ਸੀ। ਇਸ ਨਗਰੀ ਵਿਚ ਇਕ ਕਾਮਦੇਵ ਸਮਾਨ ਸੁੰਦਰ ਅਤੇ ਦੇਵਲੋਕ ਦੇ ਗਵੱਈਏ ਗੰਧਰਵਾਂ ਨਾਲੋਂ ਵੀ ਵੱਧ ਰਾਗਗੀਤ ਦਾ ਸਿਆਣਾ 'ਮਾਧਵ ਨਲ' ਨਾਮ ਦਾ ਪ੍ਰਭੂ ਪ੍ਰੇਮੀ ਬ੍ਰਾਹਮਣ ਰਹਿੰਦਾ ਸੀ। ਜਿਸ ਉੱਪਰ ਵਿੱਦਿਆ ਦੀ ਦੇਵੀ ਸਰਸਵਤੀ ਦੀ ਇਤਨੀ ਕ੍ਰਿਪਾ ਸੀ ਕਿ ਉਸਦੇ ਸੰਗੀਤ ਦਾ ਅਸਰ ਪਸ਼ੂ-ਪੰਛੀ, ਨਦੀ-ਨਾਲੇ, ਅਰਥਾਤ ਜੜ੍ਹ-ਚੇਤਨ ਉੱਪਰ ਸਮਾਨ ਰੂਪ ਵਿਚ ਪੈਂਦਾ ਸੀ। ਫਿਰ ਮਨੁੱਖ ਵਰਗੇ ਅਤਿਅੰਤ ਚੇਤੰਨ ਪ੍ਰਾਣੀ ਦੀ ਤਾਂ ਗੱਲ ਹੀ ਹੋਰ ਹੈ। ਇਕ ਦਿਨ ਦਾ ਜ਼ਿਕਰ ਹੈ ਕਿ ਉਸਨੇ ਕਿਸੇ ਦਰਿਆ ਦੇ ਕਿਨਾਰੇ ਆਪਣੀ ਬੀਣਾ ਦੇ ਅਜਿਹੇ ਸੁਰ ਛੇੜੇ ਕਿ ਨਦੀ ਉਪਰੋਂ ਜਲ ਭਰਨ ਆਈਆਂ ਸਾਰੀਆਂ ਪਨਿਹਾਰਨਾਂ ਆਪਣੀ ਸੁੱਧ-ਬੁੱਧ ਖੋ ਬੈਠੀਆਂ। ਕੋਈ ਹੱਸਦੀ ਹੈ ਤਾਂ ਹੱਸੀ ਹੀ ਜਾ ਰਹੀ ਹੈ, ਕਿਸੇ ਨੇ ਗਾਉਣਾ ਸ਼ੁਰੂ ਕਰ ਦਿੱਤਾ ਤੇ ਕੋਈ ਨੱਚ ਰਹੀ ਹੈ। ਕਿਸੇ ਦੇ ਕੇਸ ਖੁੱਲ੍ਹ ਗਏ ਤੇ ਕਈਆਂ ਨੇ ਆਪਣੇ ਕੱਪੜੇ ਪਾੜ ਲਏ। ਕਿਸੇ ਉੱਪਰ ਵੈਰਾਗ ਤਾਰੀ ਹੋ ਗਿਆ ਕਿ ਉਹ ਰੋਣਾ ਹੀ ਬੰਦ ਨਹੀਂ ਕਰਦੀ ਤੇ ਕੋਈ ਪਨਿਹਾਰਨ ਗਾਗਰ ਦੀ ਢੋਲਕੀ ਬਣਾ ਕੇ ਉਸ ਉੱਪਰ ਤ੍ਰਿਕਟ ਦੇ ਤਾਲ ਦੇ ਰਹੀ ਹੈ। ਜਦੋਂ ਨਗਰ ਨਿਵਾਸੀਆਂ ਨੇ ਇਹ ਨਜ਼ਾਰਾ ਵੇਖਿਆ ਤੇ ਇਸ ਵਰਤਾਰੇ ਦੇ ਕਾਰਨ ਨੂੰ ਸਮਝਿਆ ਤਾਂ ਉਨ੍ਹਾਂ ਨੇ ਰਾਜੇ ਦੇ ਪਾਸ ਸ਼ਿਕਾਇਤ ਕਰਕੇ ਮਾਧਵ ਨਲ ਨੂੰ ਦੇਸ਼ ਨਿਕਾਲਾ ਦਿਵਾ ਦਿੱਤਾ। ਜਿੱਥੋਂ ਚੱਲ ਕੇ ਉਹ ਸੱਜਣ ਕਾਮਾਵਤੀ ਨਾਮਕ ਨਗਰੀ ਵਿਚ ਪਹੁੰਚ ਗਿਆ। ਉਥੇ ਕਾਮਸੇਨ ਨਾਮ ਦਾ ਇਕ ਰਾਗ ਵਿੱਦਿਆ ਦਾ ਗੂੜ੍ਹਾ ਪ੍ਰੇਮੀ ਰਾਜਾ ਰਾਜ ਕਰਦਾ ਸੀ। ਉਸਦੀ ਸਭਾ ਦਾ ਸ਼ਿੰਗਾਰ ਇਕ ਕਾਮ ਕੰਦਲਾ



Namdhari Elibrary NamdhariElibrary@gmail.com

ਨਾਮ ਵਾਲੀ ਅਤਿਅੰਤ ਰੂਪਵਤੀ ਨ੍ਰਿਤਯਾਂਗਣਾ ਸੀ ਜੋ ਆਪਣੇ ਹਾਵ ਭਾਵ ਅਤੇ ਗਾਉਣ ਵਜਾਉਣ ਦੀ ਕਲਾ ਕਰਕੇ ਉੱਥੋਂ ਦੇ ਹਰ ਜਨ ਜਨ ਦੇ ਮਨ ਮਾਣਸ ਦੀ ਹੰਸਿਨੀ ਬਣ ਕੇ ਪ੍ਰਸਿੱਧ ਸੀ। ਉਸਦੇ ਨ੍ਰਿਤ, ਰੂਪ, ਸ਼ਿੰਗਾਰ ਕਲਾ-ਕੌਸ਼ਲ ਨੂੰ ਵੇਖ ਕੇ ਦੇਵਤੇ ਵੀ ਮੋਹਿਤ ਹੋ ਜਾਂਦੇ ਸਨ। ਜਿਸ ਵੇਲੇ ਉਸਦਾ ਨ੍ਰਿਤ ਸ਼ੁਰੂ ਹੁੰਦਾ ਸੀ ਤਾਂ ਕਈ ਪ੍ਰਕਾਰ ਦੇ ਰਾਗ ਗੀਤ ਦੇ ਸਿਆਣੇ ਸਾਜਿੰਦੇ ਸਾਰੰਗੀ, ਸਿਤਾਰ, ਤਾਊਸ, ਬੀਣਾ, ਪਖਾਵਜ, ਮ੍ਰਿਦੰਗ ਆਦਿ ਸਾਜ਼ ਲੈ ਕੇ ਉਸਦੀ ਰੰਗ ਸ਼ਾਲਾ ਦੇ ਸ਼ਿੰਗਾਰ ਬਣਦੇ ਸਨ। ਜਿਸ ਦਿਨ ਮਾਧਵਾਨਲ ਉੱਥੇ ਪਹੁੰਚਿਆ ਤਾਂ ਉਸ ਵਿਸ਼ਵ ਸੁੰਦਰੀ ਕਾਮ ਕੰਦਲਾ ਦੀ ਨ੍ਰਿਤਕਾਰੀ ਚੱਲ ਰਹੀ ਸੀ ਪਰ ਮਾਧਵਾਨਲ ਨੂੰ ਦੁਆਰਪਾਲਾਂ ਨੇ ਦਰਵਾਜ਼ੇ ਉੱਪਰ ਹੀ ਰੋਕ ਦਿੱਤਾ। ਉਸ ਵਿਚਾਰੇ ਨੇ ਆਪਣੇ ਬ੍ਰਾਹਮਣ ਹੋਣ ਦਾ ਤੇ ਸੰਗੀਤ ਕਲਾ ਗਿਆਤਾ ਹੋਣ ਦਾ ਬਹੁਤ ਵਾਸਤਾ ਪਾਇਆ ਪਰ ਦਰਬਾਨਾਂ ਨੇ ਉਸਦੀ ਇਕ ਨਾ ਸੁਣੀ ਤੇ ਸਭਾ ਸਮਾਪਤੀ ਤੱਕ ਉਸਨੂੰ ਦਰਵਾਜ਼ੇ ਉੱਪਰ ਹੀ ਬੈਠਣ ਦਾ ਹੁਕਮ ਸੁਣਾ ਦਿੱਤਾ। ਪਰ ਗੁਣੀ ਲੋਕ ਵੀ ਜ਼ਿੱਦੀ ਹੁੰਦੇ ਹਨ। ਇਸ ਲਈ ਅੰਦਰੋਂ ਜਦੋਂ ਵੀ ਕਿਸੇ ਤਾਲ ਜਾਂ ਛੰਦ ਦਾ ਤੋੜਾ ਪੈਂਦਾ ਸੀ ਤਾਂ ਮਾਧਵ ਮੱਥੇ ਉੱਪਰ ਹੱਥ ਮਾਰ ਕੇ ਆਖਦਾ ਸੀ ਹਾਏ ਓਇ! ਇਹਨਾਂ ਦੀ ਸਭਾ ਵਿਚ ਇਕ ਵੀ ਸਿਆਣਾ ਬੰਦਾ ਨਹੀਂ। ਤਾਲ ਭੰਗ ਹੋਣ ਦੇ ਦੁੱਖ ਨੂੰ ਕੋਈ ਵੀ ਨਹੀਂ ਜਾਣਦਾ। ਕੀ ਇਹ ਸਾਰੀ ਮਹਿਫਲ ਹੀ ਮੂਰਖਾਂ ਨਾਲ ਭਰੀ ਹੋਈ ਹੈ? ਉਸਦੇ ਵਾਰ ਵਾਰ ਇਉਂ ਆਖਣ ਤੇ ਦਰਬਾਨਾਂ ਨੇ ਆਖਿਰ ਖਿਝ ਕੇ ਪੁੱਛਿਆ ਕਿ ਬਾਬਾ ਕੀ ਦੋਸ਼ ਹੈ ਗਾਉਣ ਵਜਾਉਣ ਵਾਲਿਆਂ ਵਿਚ। ਜੋ ਤੂੰ ਏਨੇ ਚਿਰ ਦਾ ਵਾਰ ਵਾਰ ਆਖੀ ਜਾ ਰਿਹਾ ਹੈਂ। ਕੀ ਤੈਨੂੰ ਪਤਾ ਨਹੀਂ ਕਿ ਅੰਦਰ ਦੁਨੀਆਂ ਭਰ ਦੇ ਕੋਨੇ ਕੋਨੇ ਵਿਚੋਂ ਧਰੁਪਦ, ਖ਼ਿਆਲ, ਗ਼ਜ਼ਲ ਅਤੇ ਠੁਮਰੀ ਆਦਿ ਅੰਗਾਂ ਦੇ ਸ਼ਿਰੋਮਣੀ ਮਰਮੱਗ ਸੱਜਣ ਬੈਠੇ ਹਨ ਜਿਨ੍ਹਾਂ ਨੂੰ ਤਿੰਨ ਤਾਲ, ਝਪ ਤਾਲ ਅਤੇ ਵਿਸ਼ਨੂੰ ਤਾਲ ਆਦਿ ਤਮਾਮ ਪਖਾਵਜ ਦੇ ਅੰਗਾਂ ਦਾ ਗਿਆਨ ਹੈ। ਉਹਨਾਂ ਦੀ ਇਹ ਗੱਲ ਸੁਣ ਕੇ ਮਾਧਵਾਨਲ ਬੋਲਿਆ ਕਿ ਹੋਣਗੇ ਯਾਰ! ਪਰ ਤੁਸੀਂ ਮੇਰੀ ਇਹ ਗੱਲ ਅੰਦਰ ਜਾ ਕੇ ਰਾਜੇ ਨੂੰ ਕਹਿ ਦਿਉ ਕਿ ਉਸਦੇ ਪਖਾਵਾਜੀਆਂ ਦੀ ਸ਼੍ਰੇਣੀ ਦੇ ਸੱਤਵੇਂ ਆਦਮੀ ਦੇ ਸੱਜੇ ਹੱਥ ਦਾ ਅੰਗੂਠਾ ਨਹੀਂ ਹੈ ਜਿਸ ਕਰਕੇ ਤਾਲ ਦੀਆਂ ਮਾਤਰਾਂ ਪੂਰੀਆਂ ਨਾ ਹੋ ਕੇ ਤਾਲ ਭੰਗ ਹੁੰਦਾ ਹੈ। ਪਹਿਰੇਦਾਰਾਂ ਨੇ ਆਖਿਆ ਕਿ ਲੈ ਜੇ ਤੈਨੂੰ ਆਪਣੀ ਜਾਨ ਨਹੀਂ ਪਿਆਰੀ ਤਾਂ ਅਸੀਂ ਤੇਰਾ ਸੰਦੇਸਾ ਅੰਦਰ ਰਾਜੇ ਨੂੰ ਦੇ ਦਿੰਦੇ ਹਾਂ। ਸੋ ਉਹਨਾਂ ਵਿਚੋਂ ਮੁਖੀ ਗੇਟਮੈਨ ਨੇ ਰਾਜੇ ਦੇ ਕੰਨ ਵਿਚ ਉਸਦੀ ਗੱਲ ਜਾ ਆਖੀ। ਜਦੋਂ ਰਾਜੇ ਨੇ ਇਸ ਗੱਲ ਦੀ ਤਫ਼ਤੀਸ਼ ਕੀਤੀ ਤਾਂ ਸੱਚਮੁੱਚ ਹੀ ਉਸ ਵਿਅਕਤੀ ਦਾ ਅੰਗੂਠਾ ਨਕਲੀ ਸੀ। ਜਿਸ ਉੱਪਰ ਹੈਰਾਨ ਹੋ ਕੇ ਰਾਜੇ ਨੇ ਮਾਧਵ ਨਲ ਨੂੰ ਅੰਦਰ ਬੁਲਾਇਆ, ਸਤਿਕਾਰ ਕੀਤਾ ਤੇ ਉਸ ਅੰਗ ਭੰਗ ਵਿਅਕਤੀ ਨੂੰ ਉਠਾ ਕੇ ਉਸਦੀ ਥਾਂ ਮਾਧਵ ਨੂੰ ਪਖਾਵਜ ਵਜਾਉਣ ਦੀ ਬੇਨਤੀ ਕੀਤੀ। ਬੱਸ ਫਿਰ ਕੀ ਸੀ ਜਦੋਂ ਮਾਧਵਨਲ ਨੇ ਆਪਣੀ ਸੰਗੀਤ ਵਿੱਦਿਆ ਆਰੰਭੀ ਤੇ ਤਾਲ ਵਾਦਨ ਦੇ ਉਹ ਵਿਲੱਖਣ ਤੇ ਕਠਿਨ ਅੰਗ ਵਜਾਏ ਤੇ ਕਲਾ ਦੇ ਅਜਿਹੇ ਜੌਹਰ ਵਿਖਾਏ ਕਿ ਸਾਰੀ ਮਹਿਫਲ ਅਸ਼-ਅਸ਼ ਕਰ ਉੱਠੀ। ਰਾਜੇ ਨੇ ਆਪਣੇ ਵਲੋਂ ਉਸਦੇ ਲਈ ਹੀਰਿਆਂ ਜੜੀ ਪਗੜੀ, ਕੁੰਡਲ, ਮੋਤੀਆਂ ਦੇ ਹਾਰ, ਕੀਮਤੀ ਪੁਸ਼ਾਕ ਤੇ ਧਨ ਦਾ ਦਾਨ ਕੀਤਾ। ਪਰ ਕੁਦਰਤ ਨੂੰ ਜਾਂ ਭਾਵੀ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ ਕਿ ਇਸ ਰੰਗਸ਼ਾਲਾ ਦਾ ਰੰਗ ਬੱਝਿਆ ਹੀ ਸੀ ਕਿ ਉੱਥੇ ਇਕ ਅਲੌਕਿਕ ਖੇਡ ਵਰਤ ਗਈ। ਉਹ ਇਹ ਕਿ ਨ੍ਰਿਤ ਵਿਚ ਲੀਨ ਕਾਮ ਕੰਦਲਾ ਦੇ ਸਤੱਨ ਉੱਪਰ ਇਕ ਰਸ ਲੋਭੀ ਭੌਰਾ ਆ ਬੈਠਾ। ਪਰ ਉਹ ਮਾਧਵ ਦੇ ਤਾਨ ਤਰਾਨਿਆ ਦੀ ਲੈਅ ਵਿਚ ਏਨੀ ਮਸਤ ਹੋ ਕੇ ਨੱਚ ਰਹੀ ਸੀ ਕਿ ਉਸਨੇ ਭੌਰੇ ਨੂੰ ਵੇਖ ਕੇ ਵੀ ਅਣਵੇਖਿਆ ਕਰ ਦਿੱਤਾ। ਬੇਸ਼ੱਕ ਉਸ ਪਾਪੀ ਨੇ ਉਸਦੇ ਕੋਮਲ ਜਿਸਮ ਉੱਪਰ ਕਈ ਡੰਗ ਵੀ ਮਾਰੇ ਪਰ ਉਸਨੇ ਰੰਗ ਵਿਚ ਭੰਗ ਨਹੀਂ ਪੈਣ ਦਿੱਤਾ। ਪ੍ਰੰਤੂ ਆਪਣੀ ਇਸ ਸਮੱਸਿਆ ਨੂੰ ਉਹ ਮਾਧਵ ਦੀ ਬਾਰੀਕ-ਬੀਨੀ ਤੋਂ ਨਾ ਲੁਕੋ ਸਕੀ ਤੇ ਆਖ਼ਰ ਮਜਬੂਰ ਹੋ ਕੇ ਉਸਨੇ ਆਪਣਾ ਨੱਕ ਤੇ ਮੁੱਖ ਬੰਦ ਕਰਕੇ ਜਿਸਮ ਦੀ ਸਾਰੀ ਦੀ ਸਾਰੀ ਹਵਾ ਆਪਣੇ ਉਸ ਸਤਨ ਵਿਚੋਂ ਦੀ ਕੱਢੀ ਜਿਸਦੇ ਫੱਰਾਟੇ ਨਾਲ ਭੌਰਾ ਗੂੰਜਾਂ ਪਾਉਂਦਾ ਉੱਡ ਗਿਆ। ਓਧਰ ਸੂਖਮ ਕਲਾ ਦਾ ਪਾਰਖੂ ਮਾਧਵਨਲ ਉਸਦੀ ਇਸ ਅਦਾ ਉੱਪਰ ਮਰ ਮਿਟਿਆ ਤੇ ਉਸ ਗੁਣ ਦੇ ਮਹਾਨ ਕਦਰਦਾਨ ਨੇ ਰਾਜੇ ਦੇ ਬਖ਼ਸ਼ੇ ਕੰਗਨ, ਕੁੰਡਲ, ਮੁਕਟ, ਕੀਮਤੀ ਵਸਤਰ ਅਤੇ ਸਵਰਨ ਮੁਦਰਾ ਆਦਿ ਸਭ ਕੁਝ ਉਸ ਕਲਾ ਦੀ ਦੇਵੀ ਦੇ ਚਰਨਾਂ ਉੱਪਰ ਢੇਰੀ ਕਰ ਦਿੱਤਾ। ਪਰ ਰਾਜੇ ਨੂੰ ਬ੍ਰਾਹਮਣ ਦੀ ਇਹ ਗੱਲ ਚੰਗੀ ਨਾ ਲੱਗੀ ਤੇ ਉਸਨੇ ਗੁੱਸੇ ਨਾਲ ਆਖਿਆ ਕਿ ਹੇ ਮੂਰਖ ਪੰਡਿਤ ਤੂੰ ਇਹ ਕੀ ਕੀਤਾ। ਮੇਰਾ ਦਿੱਤਾ ਅਨਮੋਲ ਦਾਨ ਤੂੰ ਇਕ ਗਨਿਕਾ ਦੇ ਪੈਰੀਂ ਸੁੱਟ ਦਿੱਤਾ। ਮੈਂ ਤੈਨੂੰ ਭਿਖਾਰੀ ਤੋਂ ਧਨਵਾਨ ਬਣਾਉਣਾ ਚਾਹਿਆ। ਪਰ ਤੂੰ ਆਖ਼ਿਰ ਕੰਗਾਲ ਦਾ ਕੰਗਾਲ ਹੀ ਰਿਹਾ। ਜਿਸਤੋਂ ਮਾਧਵਾਨਲ ਨੇ ਰਾਜੇ ਨੂੰ ਬੇਨਤੀ ਕੀਤੀ ਕਿ ਹੇ ਭੂਮੀ ਪਾਲ ਕਦੇ ਉਹਨਾਂ ਮ੍ਰਿਗਾਂ ਵੱਲ ਝਾਤੀ ਮਾਰ ਕੇ ਵੇਖੋ ਜੋ ਘੰਡਾ ਹੇੜੇ ਦੇ ਸ਼ਬਦ ਉੱਪਰ ਮੋਹਿਤ ਹੋ ਕੇ ਸ਼ਿਕਾਰੀ ਦੇ ਸਾਹਮਣੇ ਆਪਣੀ ਜਾਨ ਹੀ ਹਾਜ਼ਰ ਕਰ ਦਿੰਦੇ ਹਨ। ਤਾਂ ਕੀ ਮੈਂ ੮੪ ਲੱਖ ਜੂਨ ਦਾ ਸਰਦਾਰ ਸਮਝਿਆ ਜਾਣ ਵਾਲਾ



Namdhari Elibrary NamdhariElibrary@gmail.com

ਇਨਸਾਨ ਇਸ ਗੁਣਵੰਤੀ ਦੀ ਕਲਾ ਦੇ ਮਾਣ ਸਤਿਕਾਰ ਵਿਚ ਇਹ ਤੁੱਛ ਕੰਕਰ ਪੱਥਰ ਵੀ ਨਹੀਂ ਦੇ ਸਕਦਾ। ਇਥੋਂ ਇਹ ਵਾਦ ਵਿਵਾਦ ਏਨਾ ਵਧਿਆ ਕਿ ਇਸ ਝਗੜੇ ਦਾ ਅੰਤ ਆਖਿਰ ਇਹਨਾਂ ਦੋਹਾਂ ਕਲਾਕਾਰਾਂ ਦੀ ਮੌਤ ਉੱਪਰ ਜਾ ਕੇ ਮੁੱਕਿਆ। (ਨੋਟ-ਇਸ ਕਹਾਣੀ ਦੀ ਵੱਧ ਜਾਣਕਾਰੀ ਲਈ ਸਾਡਾ ਲਿਖਿਆ ਗ੍ਰੰਥ "ਸ਼੍ਰੀ ਦਸਮ ਗ੍ਰੰਥ ਸਾਹਿਬ ਅਤੇ ਚਰਿੱਤ੍ਰਪਖਿਆਨ" ਦਾ ਰਾਗਮਾਲਾ ਪ੍ਰਕਰਣ ਪੜ੍ਹ ਕੇ ਵੇਖੋ।)

ਏਸੇ ਲਈ ਨਾਦ ਨੂੰ ਪਾਰਾਵਾਰ ਰਹਿਤ ਵਿੱਦਿਆ ਆਖਿਆ ਗਿਆ ਹੈ। ਚਾਰਾਂ ਵੇਦਾਂ ਵਿਚੋਂ ਇਕ ਵੇਦ ਹੈ ਹੀ ਸੰਗੀਤ ਰੂਪ ਜਿਸਨੂੰ ਸਾਮ ਵੇਦ ਆਖਿਆ ਜਾਂਦਾ ਹੈ। ਕਿਉਂਕਿ ਰਿਗ ਵੇਦ ਦੇ ਜਿਹੜੇ ਉਸਤਤੀ ਮੰਤਰ ਹਨ ਉਹੀ ਸਾਮ ਵੇਦ ਹਨ ਅਤੇ ਸਾਮ ਦਾ ਅਰਥ ਵੀ ਗਾਇਨ ਹੀ ਹੁੰਦਾ ਹੈ। ਗੋਇੰਦਵਾਲ ਦੇ ਚੁਬਾਰੇ ਵਿਚ ਅਖੰਡ ਸਮਾਧੀ ਦੇ ਰਸ ਵਿਚ ਲੀਨ ਭਗਵਾਨ ਸ਼੍ਰੀ ਚੰਦਰ ਦੇ ਸ਼ਿਸ਼ ਤੀਸਰੇ ਪਾਤਸ਼ਾਹ ਦੇ ਸਪੁੱਤਰ ਬਾਬਾ ਮੋਹਨ ਜੀ ਨੂੰ ਪੰਜਵੇਂ ਸਤਿਗੁਰਾਂ ਨੇ ਸੰਗੀਤ ਦੀਆਂ ਸੁਰ ਲਹਿਰੀਆਂ ਛੇੜ ਕੇ ਹੀ ਸਮਾਧੀ ਵਿਚੋਂ ਉਠਾਇਆ ਸੀ। ਮਰਦਾਨੇ ਨੂੰ ਛੱਤਰਾ ਬੰਗਾਲ ਦੀ ਜਾਦੂਗਰਨੀ ਨੂਰਸ਼ਾਹ ਨੇ ਸੰਗੀਤ ਨਾਲ ਹੀ ਬਣਾਇਆ ਸੀ। ਉਂਞ ਮਰਦਾਨਾ ਉਸਦੇ ਵੱਸ ਵਿਚ ਨਹੀਂ ਆ ਸਕਦਾ ਸੀ। ਕਿਉਂਕਿ ਨੂਰਸ਼ਾਹ ਦੇ ਬਾਕੀ ਸਾਰੇ ਹਥਿਆਰ ਤਾਂ ਮਰਦਾਨੇ ਨੇ ਬੇਕਾਰ ਕਰ ਦਿੱਤੇ ਸੀ ਪਰ ਉਹ ਕੋਮਲ ਕਲਾ ਦਾ ਆਸ਼ਕ ਸੰਗੀਤ ਦੇ ਸਾਗਰ ਦੀਆਂ ਲਹਿਰੀਆਂ ਤੋਂ ਪਾਰ ਨਾ ਹੋ ਸਕਿਆ। ਗਾਇਨ ਵਿੱਦਿਆ ਦੇ ਉਸਤਾਦ ਇਕ ਕਹਾਣੀ ਸੁਣਾਇਆ ਕਰਦੇ ਹਨ ਕਿ ਬਾਦਸ਼ਾਹ ਅਕਬਰ ਨੇ ਇਕ ਵਾਰ ਆਪਣੇ ਸ਼ਾਹੀ ਗਵੱਈਏ ਤਾਨਸੇਨ ਨੂੰ ਆਖਿਆ ਕਿ ਮੈਂ ਤੇਰੇ ਉਸਤਾਦ ਦਾ ਗਾਣਾ ਸੁਣਨਾ ਚਾਹੁੰਦਾ ਹਾਂ ਤਾਂ ਮੀਆਂ ਤਾਨਸੇਨ ਨੇ ਆਖਿਆ ਕਿ ਜਹਾਂ-ਪਨਾਹ ਇਹ ਗੱਲ ਮੁਸ਼ਕਿਲ ਹੈ। ਉਸਤਾਦ ਜੀ ਬਾਂਕੇ ਬਿਹਾਰੀ ਦੇ ਮੰਦਰ ਤੋਂ ਬਿਨਾਂ ਹੋਰ ਕਿਧਰੇ ਗਾਉਂਦੇ ਨਹੀਂ। ਉਸ ਮੰਦਰ ਵਿਚ ਮੁਸਲਮਾਨ ਨੂੰ ਜਾਣ ਦੀ ਆਗਿਆ ਨਹੀਂ। ਪਰ ਬਾਦਸ਼ਾਹ ਨਾ ਮੰਨਿਆ। ਅਖੀਰ ਤਾਨਸੇਨ ਉਹਨਾਂ ਨੂੰ ਲੈ ਕੇ ਵਰਿੰਦਾਵਾਨ ਪਹੁੰਚ ਗਿਆ, ਇਕ ਕਦੰਬ ਦੇ ਪੇੜ ਉੱਪਰ ਅਕਬਰ ਨੂੰ ਚੜ੍ਹ ਕੇ ਬੈਠਣ ਲਈ ਆਖ ਦਿੱਤਾ ਕਿਉਂਕਿ ਉਸ ਰਸਤੇ ਸਵਾਮੀ ਹਰੀਦਾਸ ਜੀ ਯਮੁਨਾ ਇਸ਼ਨਾਨ ਕਰਨ ਜਾਇਆ ਕਰਦੇ ਸਨ। ਤਾਨਸੇਨ ਨੇ ਜਦੋਂ ਉਹ ਆਉਂਦੇ ਵੇਖੇ ਤਾਂ ਉਸਨੇ ਰਾਗ ਬਸੰਤ ਨੂੰ ਬੇਸੁਰੇ ਢੰਗ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਸਵਾਮੀ ਜੀ ਨੇ ਨੇੜੇ ਆ ਕੇ ਬਸੰਤ ਦੇ ਸ਼ੁੱਧ ਸੁਰ ਛੇੜ ਕੇ ਜਦੋਂ ਤਾਨ ਦਾ ਤਰਾਨਾ ਮਾਰਿਆ ਤਾਂ ਸਾਰਾ ਜੜ੍ਹ ਚੇਤਨ ਵਾਤਾਵਰਨ ਹੀ ਸੰਗੀਤਮਈ ਹੋ ਗਿਆ ਅਤੇ ਸ਼ਹਿਨਸ਼ਾਹ ਅਕਬਰ ਵੀ ਜ਼ਮੀਨ ਉੱਪਰ ਗਿਰ ਗਏ। ਸੁਆਮੀ ਜੀ ਨੇ ਅਕਬਰ ਦੀ ਬਾਂਹ ਫੜ੍ਹ ਕੇ ਆਖਿਆ ਕਿ ਉੱਠੋ ਰਾਜਨ ਆਪਣੇ ਆਪ ਨੂੰ ਸੰਭਾਲੋ। ਅਕਬਰ ਨੇ ਹੈਰਾਨ ਹੋ ਕੇ ਆਖਿਆ "ਸਵਾਮੀ ਜੀ ਆਪ ਮੁਝੇ ਪਹਿਚਾਨਤੇ ਹੈਂ?" ਬਾਦਸ਼ਾਹ ਦੀ ਇਹ ਗੱਲ ਸੁਣ ਕੇ ਸੰਗੀਤ ਸਮਰਾਟ ਹਰੀਦਾਸ ਜੀ ਹੱਸ ਪਏ ਤੇ ਹੱਸ ਕੇ ਆਖਣ ਲੱਗੇ "ਕਭੀ ਸ਼ਹਿਨਸ਼ਾਹ ਭੀ ਛੁਪੇ ਰਹਿ ਸਕਤੇ ਹੈਂ?" ਸਾਡੇ ਕਹਿਣ ਤੋਂ ਭਾਵ ਇਕ ਨਹੀਂ ਇਸ ਸੰਗੀਤ ਮਯ ਨਾਦ ਦੀਆਂ ਅਨੰਤ ਕਹਾਣੀਆਂ ਹਨ। ਨਾਰਦ ਪੁਰਾਣ ਵਿਚ ਭਗਵਾਨ ਸ਼੍ਰੀ ਵਿਸ਼ਨੂੰ ਨੇ ਨਾਰਦ ਜੀ ਨੂੰ ਆਖਿਆ ਹੈ ਕਿ ਮੈਂ ਨਾ ਵਿਸ਼ਨੂੰ ਲੋਕ ਵਿਚ ਰਹਿੰਦਾ ਹਾਂ, ਨਾ ਯੋਗੀਆਂ ਦੇ ਹਿਰਦੇ ਵਿਚ ਮੇਰਾ ਪੱਕਾ ਠਿਕਾਣਾ ਹੈ। ਪਰ ਮੇਰੇ ਭਗਤ ਜਿੱਥੇ ਮੇਰੇ ਨਾਮ ਦਾ ਗਾਇਨ ਕਰਦੇ ਹਨ ਮੈਂ ਉਥੇ ਬਿਰਾਜਦਾ ਹਾਂ।

ਕੀਰਤਨ ਉੱਪਰ ਭਗਵਾਨ ਕਿਤਨੇ ਮੋਹਿਤ ਹੁੰਦੇ ਹਨ ਇਸਦੀ ਪੁਸ਼ਟੀ ਭਗਤ ਜੈਦੇਵ ਜੀ ਦੇ ਪ੍ਰਸਿੱਧ ਸੰਗੀਤ ਮਈ ਭਗਤੀ ਗ੍ਰੰਥ 'ਗੀਤ ਗੋਵਿੰਦ' ਤੋਂ ਵੀ ਹੁੰਦੀ ਹੈ :-

ਕਥਾ ਇਸ ਪ੍ਰਕਾਰ ਹੈ ਕਿ ਇਕ ਵਾਰ ਸ਼੍ਰੀ ਜਗਨਨਾਥ ਦੇ ਠਾਕੁਰ ਜੀ ਦਾ ਉੱਥੋਂ ਦੇ ਪੰਡਿਤ ਸ਼ਿੰਗਾਰ (ਬਸਤਰ) ਬਦਲਣ ਲੱਗੇ ਤਾਂ ਮੂਰਤੀ ਦਾ ਕਮੀਜ਼ ਫਟਿਆ ਹੋਇਆ ਸੀ। ਉਸ ਵਕਤ ਦੇ ਪੁਜਾਰੀ ਵੀ ਆਪਣੀ ਕਥਨੀ ਕਰਨੀ ਦੇ ਪੂਰੇ ਅਤੇ ਸ਼ਰਧਾ ਭਾਵਨਾ ਵਿਚ ਪਰਪੱਕ ਲੋਕ ਸਨ ਇਸ ਲਈ ਉਹਨਾਂ ਨੇ ਇਕ ਮਨ ਹੋ ਕੇ, ਇਕ ਲੱਤ ਦੇ ਭਾਰ ਖੜ੍ਹ ਕੇ ਜਦੋਂ ਇਹ ਪ੍ਰਾਰਥਨਾ ਕੀਤੀ ਕਿ ਆਪ ਜੀ ਦੇ ਇਹ ਕੱਪੜੇ ਕਿਵੇਂ ਫਟੇ ਤਾਂ ਆਕਾਸ਼ਵਾਣੀ ਹੋਈ ਕਿ ਕਿਸੇ ਦੂਰ ਦੇਸ਼ ਵਿਚ ਇਕ ਕਿਸਾਨ ਦੀ ਲੜਕੀ ਆਪਣੇ ਬਾਗ ਦੀ ਰਾਖੀ ਕਰ ਰਹੀ ਸੀ ਅਤੇ ਨਾਲ ਨਾਲ ਉਹ ਗੀਤ ਗੋਵਿੰਦ ਦੀ ਇਕ ਅਸ਼ਟਪਦੀ ਦਾ ਪਾਠ ਵੀ ਕਰ ਰਹੀ ਸੀ ਜਿਸਨੂੰ ਸੁਨਣ ਲਈ ਮੈਂ ਇਕ ਬਹੁਤ ਭਾਰੀ ਕੰਡਿਆਲੀ ਵਾੜ ਲੰਘ ਕੇ ਉਸਦਾ ਉਹ ਮਧੁਰ ਸੰਗੀਤ ਗਾਇਨ ਸ਼ਰਵਣ ਕਰਨ ਵਾਸਤੇ ਪਹੁੰਚਿਆ ਅਤੇ ਉਸ ਮਸਤੀ ਦੀ ਅਵਸਥਾ ਵਿਚ ਮੈਨੂੰ ਪਤਾ ਹੀ ਨਹੀਂ ਲੱਗਾ ਕਿ ਮੇਰੇ ਕੱਪੜੇ ਕੰਡਿਆਂ ਵਿਚ ਕਿਵੇਂ ਫਸੇ ਤੇ ਕਦੋਂ ਫਟੇ। ਇਸ ਆਕਾਸ਼ਬਾਣੀ ਨੂੰ ਸੁਣ ਲੈਣ ਤੋਂ ਉਪਰੰਤ ਵੈਸ਼ਨਵ ਭਗਤਾਂ ਨੇ ਇਕ ਪ੍ਰੰਪਰਾ ਆਰੰਭ ਕੀਤੀ ਕਿ ਜਿੱਥੇ ਕਿਤੇ ਵੀ ਗੀਤ ਗੋਵਿੰਦ ਦੇ ਪਦਾਂ ਦਾ ਗਾਇਨ ਕੀਤਾ ਜਾਵੇ ਉਥੇ ਠਾਕੁਰ ਜੀ ਦੇ ਆਸਣ ਦਾ ਇੰਤਜ਼ਾਮ ਅਵੱਸ਼ ਕੀਤਾ ਜਾਵੇ। ਹੁਣ ਅਸੀਂ ਅਸ਼ਟਪਦੀ ਦਾ ਉਹ ਪਦ ਪੇਸ਼ ਕਰਦੇ ਹਾਂ ਜਿਸਦੀ ਧੁਨੀ ਦੀ ਖਿੱਚ ਨਾਲ ਖਿੱਚੇ ਸ਼੍ਰੀ ਕ੍ਰਿਸ਼ਨ ਉੱਥੇ ਪਹੁੰਚੇ ਸਨ।

(ਚਲਦਾ)


Namdhari Elibrary NamdhariElibrary@gmail.com

# ਵਿਸਾਖੀ

*(ਬਹਿਰ ਹਜਜ਼ ਮੁਸੱਮਨ ਅਖ਼ਰਬ)*

*–ਪ੍ਰੋ. ਜਸਵੰਤ ਸਿੰਘ ਕੈਲਵੀ*

ਖੁਸ਼ੀਆਂ ਦਾ ਖਜ਼ਾਨਾ ਹੈ, ਤਿਉਹਾਰ ਵਿਸਾਖੀ ਦਾ।
ਇਤਿਹਾਸ ਬੜਾ ਰੋਚਕ, ਹੈ ਯਾਰ ਵਿਸਾਖੀ ਦਾ।

ਗੋਬਿੰਦ ਗੁਰੂ ਮੇਰੇ, ਤਲਵਾਰ ਫੜੀ ਨੰਗੀ
ਅਨੰਦਪੁਰੀ ਸਜਿਆ, ਦਰਬਾਰ ਵਿਸਾਖੀ ਦਾ।

ਲਲਕਾਰ ਕਿਹਾ ਉਸਨੇ, "ਆ ਸੀਸ ਕਰੋ ਭੇਟਾ,
ਹੈ ਕੌਮ ਗਲੇ ਪਾਉਣਾ, ਮੈਂ ਹਾਰ ਵਿਸਾਖੀ ਦਾ।"

"ਇਹ ਸੀਸ ਤਿਰਾ ਦਾਤਾ, ਇਹ ਜਾਨ ਤਿਰੀ ਦਾਤਾ"
ਪੰਜਾਂ ਨੇ ਕਿਹਾ-"ਤੂੰ ਹੈਂ ਸਿਰਦਾਰ ਵਿਸਾਖੀ ਦਾ।"

"ਲੈ ਸੀਸ, ਪਿਲਾ ਅੰਮ੍ਰਿਤ ਚਰਨਾਂ 'ਚ ਬਿਠਾ ਸਾਨੂੰ"
"ਸਿਰ ਕੌਮ ਲਈ ਦੇਂਦੇ ਹਾਂ, ਉਪਹਾਰ ਵਿਸਾਖੀ ਦਾ।"

ਉਹ ਪੰਜ ਪਿਆਰੇ ਸਨ, ਉਹ ਕੌਮ ਦੇ ਹੀਰੇ ਸਨ
ਉਹ ਸੰਤ ਸਿਪਾਹੀ ਸਨ, ਸ਼ਿੰਗਾਰ ਵਿਸਾਖੀ ਦਾ।

ਫਿਰ ਆਪ ਉਹਨਾਂ ਕੋਲੋਂ, ਅੰਮ੍ਰਿਤ ਸੀ ਗੁਰਾਂ ਛਕਿਆ
ਗੁਰ ਆਪ ਬਣੇ ਚੇਲਾ ਚਮਕਾਰ ਵਿਸਾਖੀ ਦਾ।

ਇਨਸਾਨ ਨਵਾਂ ਬਣਿਆ ਇਕ ਪੰਥ ਨਵਾਂ ਸਜਿਆ
ਦੁਨੀਆ 'ਚ ਨਿਰਾਲਾ ਹੈ, ਕਿਰਦਾਰ ਵਿਸਾਖੀ ਦਾ।

ਖੁਸ਼ਹਾਲ ਰਹੇ ਜੀਵਨ ਤੇ ਰਹਿਣ ਭਰੇ ਮੇਲੇ
ਚੜ੍ਹਦੀ ਹੈ ਕਲਾ ਜਿੱਥੇ ਇਕਰਾਰ ਵਿਸਾਖੀ ਦਾ।

ਅਨੰਦਪੁਰੀ ਅੰਦਰ ਅਨੰਦ ਝੜੀ ਲੱਗੇ
ਤੂੰ ਯਾਦ ਕਰੀਂ ਇਸਨੂੰ ਇਹ ਸਾਰ ਵਿਸਾਖੀ ਦਾ।

"ਜਸ" ਮੌਤ ਮੁੜੇ ਡਰਦੀ ਖਾ ਖ਼ੌਫ ਬਸ਼ਰ ਉਸ ਤੋਂ
ਜਿਸ ਮਨ 'ਚ ਵਸਾ ਲੀਤਾ ਦਿਲਦਾਰ ਵਿਸਾਖੀ ਦਾ।

*੧੧੮/੫ ਗੁਰੂ ਅਰਜਨ ਦੇਵ ਨਗਰ*
*ਫਿਰੋਜ਼ਪੁਰ ਸ਼ਹਿਰ-੧੫੨੦੦੨*
*ਫੋਨ-੯੮੭੮੩-੮੧੪੭੪*

# ਵਿਸਾਖੀ

*–ਰਾਜਿੰਦਰ ਪਰਦੇਸੀ*

ਪਾਉਂਦੇ ਹਾਂ ਬਾਤ ਤੇਰੀ, ਸੁਣਦੇ ਨੇ ਲੋਕ ਸਾਰੇ
ਆ ਜਾ ਵਿਸਾਖੀਏ ਨੀ, ਬਹਿ ਕੇ ਤੂੰ ਭਰ ਹੁੰਗਾਰੇ

ਇਸ ਆਰ ਹੈ ਵਿਸਾਖੀ, ਉਸ ਪਾਰ ਹੈ ਵਿਸਾਖੀ
ਖੁਸ਼ੀਆਂ ਤੇ ਖੇੜਿਆਂ ਦਾ, ਤਿਉਹਾਰ ਹੈ ਵਿਸਾਖੀ
ਮਹਿਲਾਂ ਦੀ ਹੈ ਇਹ ਰਾਣੀ, ਮਾਲਕ ਨੇ ਇਸ ਦੇ ਢਾਰੇ
ਪਾਉਂਦੇ ਹਾਂ ਬਾਤ ਤੇਰੀ, ਸੁਣਦੇ ਨੇ ਲੋਕ ਸਾਰੇ
ਆ ਜਾ ਵਿਸਾਖੀਏ ਨੀ ਬਹਿ ਕੇ ਤੂੰ ਭਰ ਹੁੰਗਾਰੇ

ਗੋਬਿੰਦ ਨੇ ਇਸੇ ਦਿਨ, ਸੀ ਖਾਲਸਾ ਸਜਾਇਆ
ਮਜ਼ਲੂਮਾਂ ਹੱਥੀਂ ਖੰਡਾ, ਏਸੇ ਹੀ ਦਿਨ ਫੜਾਇਆ
ਚਮਕੇ ਸੀ ਏਸੇ ਦਿਨ ਹੀ, ਇਸ ਮੁਲਕ ਦੇ ਸਿਤਾਰੇ
ਪਾਉਂਦੇ ਹਾਂ ਬਾਤ ਤੇਰੀ, ਸੁਣਦੇ ਨੇ ਲੋਕ ਸਾਰੇ
ਆ ਜਾ ਵਿਸਾਖੀਏ ਨੀ, ਬਹਿ ਕੇ ਤੂੰ ਭਰ ਹੁੰਗਾਰੇ

ਅੰਬਰ ਦੀ ਭੈੜੀ ਨਜ਼ਰੋਂ, ਬਚ ਕੇ ਘਰਾਂ ਨੂੰ ਆ ਜਾ
ਸ਼ਾਹਾਂ ਤੋਂ ਪੱਤ ਅਸਾਡੀ, ਕਣਕੇ ਨੀ ਤੂੰ ਬਚਾ ਜਾ
ਪਰਜਾ ਨੂੰ, ਰਾਜਿਆਂ ਨੂੰ, ਤੇਰੇ ਹੀ ਹੁਣ ਸਹਾਰੇ
ਪਾਉਂਦੇ ਹਾਂ ਬਾਤ ਤੇਰੀ, ਸੁਣਦੇ ਨੇ ਲੋਕ ਸਾਰੇ
ਆ ਜਾ ਵਿਸਾਖੀਏ ਨੀ, ਬਹਿ ਕੇ ਤੂੰ ਭਰ ਹੁੰਗਾਰੇ

ਚੋਲਾ ਸੁਨਹਿਰੀ ਪਾ ਕੇ, ਆਇਆ ਵਿਸਾਖ ਮਾਹੀ
ਪੂਰਾਂਗਾ ਸ਼ੌਕ ਤੇਰੇ, ਹੁਣ ਤੇ ਇਹ ਆਖ ਮਾਹੀ
ਪੱਕੀ ਫਸਲ ਤੇ ਹੁਣ ਤੂੰ, ਲਾਵੀਂ ਨਾ ਹੋਰ ਲਾਰੇ
ਬਹਿ ਕੇ ਵਿਸਾਖੀਏ ਨੀ, ਤੂੰ ਵੀ ਤਾਂ ਭਰ ਹੁੰਗਾਰੇ
ਪਾਉਂਦੇ ਹਾਂ ਬਾਤ ਤੇਰੀ, ਸੁਣਦੇ ਨੇ ਲੋਕ ਸਾਰੇ

'ਪਰਦੇਸੀ' ਲਖ ਮਨਾਈਏ ਪਰਦੇਸ ਵਿਚ ਵਿਸਾਖੀ
ਪਰ ਮਨ ਨੂੰ ਭਾਉਂਦੀ ਆਪਣੇ ਹੀ ਦੇਸ ਵਿਚ ਵਿਸਾਖੀ
ਭੰਗੜੇ ਤੇ ਢੋਲ ਅਪਣੇ ਹੀ ਲਗਦੇ ਨੇ ਪਿਆਰੇ ਪਿਆਰੇ
ਬਹਿ ਕੇ ਵਿਸਾਖੀਏ ਨੀ ਤੂੰ ਵੀ ਤਾਂ ਭਰ ਹੁੰਗਾਰੇ
ਪਾਉਂਦੇ ਹਾਂ ਬਾਤ ਤੇਰੀ ਸੁਣਦੇ ਨੇ ਲੋਕ ਸਾਰੇ
ਬਹਿ ਕੇ ਵਿਸਾਖੀਏ ਨੀ, ਹਸ-ਹਸ ਤੂੰ ਭਰ ਹੁੰਗਾਰੇ

*੩੫-ਬੀ/੬੮ ਦਸਮੇਸ਼ ਨਗਰ,*
*ਡਾਕ : ਦਕੋਹਾ, ਜਲੰਧਰ*
*ਮੋਬ-੦੯੩੫੭੬-੪੧੫੫੨*



Namdhari Elibrary NamdhariElibrary@gmail.com

## ਦੋ ਗ਼ਜ਼ਲਾਂ/ –ਸੁਖਦੇਵ ਸਿੰਘ ਗਰੇਵਾਲ

ਜ਼ਿੰਦਗੀ ਵਿਚ ਵਰਤਿਆ ਕੀ ਕਹਿਰ ਹੈ।
ਝੂਠ ਹੈ ਇਕ ਪਾਸੇ ਦੂਏ ਜ਼ਹਿਰ ਹੈ।

ਭੀੜ ਹੈ ਪਰ ਇਕ ਵੀ ਬੰਦਾ ਨਹੀਂ,
ਕਿਸ ਤਰ੍ਹਾਂ ਦਾ ਦੇਖ ਤੇਰਾ ਸ਼ਹਿਰ ਹੈ।

ਸ਼ੌਕ ਬੁਢੇ ਕਰ ਗਈ ਹੈ ਬੇਰੁਖੀ,
ਉਮਰ ਦਾ ਭਾਵੇਂ ਇਹ ਪਹਿਲਾ ਪਹਿਰ ਹੈ।

ਕੰਡਿਆਂ ਦੀ ਚੀਸ ਪੈਣੋਂ ਹਟ ਗਈ,
ਜਾਪਦੈ ਨੇੜੇ ਹੀ ਉਸਦਾ ਸ਼ਹਿ ਹੈ।

ਬਣ ਗਈ ਹਮਦਰਦ ਕਿਉਂ ਕੁਝ ਨਾ ਪਤਾ,
ਇਹ ਕਿਨਾਰੇ ਲੈ ਜੋ ਆਈ, ਲਹਿਰ ਹੈ।

ਮਰਨਾ ਜੀਣਾ ਕੀ ਹੈ ਮੈਨੂੰ ਸੁੱਝਦਾ,
ਪਿਆਰ ਹੈ ਤੇਰਾ ਕਿ ਜਾਂ ਇਹ ਕਹਿਰ ਹੈ।

ਬਹਿ ਸਕਾਂ ਨਾ ਤੁਰ ਸਕਾਂ ਨਾ ਨੀਂਦ ਹੈ,
ਦੇ ਗਿਆ ਉਹ ਕਿਸ ਤਰ੍ਹਾਂ ਦੀ ਜ਼ਹਿਰ ਹੈ।

(੨)

ਜਦ ਇਰਾਦੇ ਮਿਲ ਗਏ ਸੀ ਪਰਬਤਾਂ ਵਰਗੇ ਕਿਤੇ,
ਡਰ ਰਿਹਾ ਇਹ ਹੋ ਨਾ ਜਾਈਏ ਪੱਥਰਾਂ ਵਰਗੇ ਕਿਤੇ।

ਜ਼ਿੰਦਗੀ ਤਾਂ ਆਪ ਹੀ ਬਣ ਜਾਂਦੀ ਹੈ ਮਹਿਕਾਂ ਭਰੀ,
ਲੋਕ ਮਿਲਦੇ ਨੇ ਜਦੋਂ ਵੀ ਖੁਸ਼ਬੋਆਂ ਵਰਗੇ ਕਿਤੇ।

ਬਣ ਕੇ ਬਦਲੀ ਸੁਰਮਈ, ਫਿਰ ਉਡਣ ਖਾਤਰ ਦਿਲ ਕਰੇ,
ਜਦ ਵੀ ਲਮਹੇ ਮਿਲਣ ਖੁੱਲ੍ਹੇ ਆਸਮਾਂ ਵਰਗੇ ਕਿਤੇ।

ਭਟਕਦੇ ਪੰਛੀ ਨੂੰ ਕਿਸ ਥਾਂ ਤੇ ਮਿਲੇਗਾ ਆਲ੍ਹਣਾ,
ਹੁਣ ਤਾਂ ਤਿਨਕੇ ਨਾ ਰਹੇ ਉਸ ਆਸ਼ੀਆਂ ਵਰਗੇ ਕਿਤੇ।

ਜ਼ਿੰਦਗੀ ਨੂੰ ਰੱਜ ਕੇ ਫਿਰ ਜੀਣ ਦਾ ਹੀਆ ਮਿਲੇ,
ਜਦ ਵੀ ਮਿਲਦੇ ਲੋਕ ਨਿੱਘੇ ਮੌਸਮਾਂ ਵਰਗੇ ਕਿਤੇ।

ਪੈਰ ਆਪਣੇ ਆਪ ਹੀ ਰੁਕਦੇ ਹੋਏ ਮਹਿਸੂਸ ਹੋਣ,
ਜਦ ਵੀ ਸਾਨੂੰ ਪੈਣ ਭੁਲੇਖੇ ਮੰਜ਼ਿਲਾਂ ਵਰਗੇ ਕਿਤੇ।

ਬੀਤੀਆਂ ਘੜੀਆਂ ਦੀ ਫਿਰ ਮਹਿਕਾਂ ਭਰੀ ਰੌਣਕ ਲੱਗੇ,
ਜਦ ਕਦੇ ਮੌਕੇ ਮਿਲੇ ਨੇ ਸੁੰਨ ਸਰਾਂ ਵਰਗੇ ਕਿਤੇ।

-609, ਗਰੇਵਾਲ ਹਾਊਸ
ਪਾਂਡੂਸਰ, ਨਾਭਾ

## ਦੋ ਗ਼ਜ਼ਲਾਂ/ ਤ੍ਰੈਲੋਚਨ 'ਲੋਚੀ'

(੧)

ਕੈਸੇ ਰੰਗ ਦਿਖਾਏ ਦੇਖ ਮੁਕੱਦਰ ਨੇ।
ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਘਰ ਖੰਡਰ ਨੇ।

ਤੂੰ ਫੁੱਲਾਂ ਦੇ ਸ਼ਹਿਰ ਦਾ ਵਾਸੀ ਕੀ ਜਾਣੇ,
ਸਾਨੂੰ ਖ਼ਾਬਾਂ ਵਿਚ ਵੀ ਦਿਸਦੇ ਖੰਜਰ ਨੇ।

ਮਥੁਰਾ ਵਿਚ ਭਗਵਾਨ ਗੁਆਚਾ ਘਰ ਲੱਭੇ,
ਏਸ ਗਲੀ ਵਿਚ ਬਣ ਗਏ ਥਾਂ-ਥਾਂ ਮੰਦਰ ਨੇ।

ਜਿੰਨ੍ਹੇ ਮੇਰੇ ਚੇਹਰੇ ਤੋਂ ਤੂੰ ਪੜ੍ਹ ਲਏ ਨੇ,
ਉਸ ਤੋਂ ਬਹੁਤੇ ਡਰ ਤਾਂ ਮੇਰੇ ਅੰਦਰ ਨੇ।

ਐਵੇਂ 'ਲੋਚੀ' 'ਵਾ ਦੇ ਘੋੜੇ ਚੜ੍ਹਿਆ ਏਂ,
ਇਸ ਮਿੱਟੀ ਦੇ ਥੱਲੇ ਬਹੁਤ ਸਿਕੰਦਰ ਨੇ।

(੨)

ਬਹੁਤ ਹੀ ਨਿੱਕੀ ਜਿਹੀ ਇਹ ਜ਼ਿੰਦਗੀ
ਦਿਲ 'ਚ ਦੀਵਾਰਾਂ ਦਾ ਯਾਰੋ ਕੰਮ ਕੀ।

ਸਿਸਕੀਆਂ ਦੀ 'ਵਾਜ਼ ਨਾ ਤੈਨੂੰ ਸੁਣੇ,
ਤੇਰਾ ਉੱਚਾ ਤਖ਼ਤ ਹੈ, ਏਸੇ ਲਈ।

ਕਿੰਜ ਧੀ ਦੇ ਹੱਥ ਲਾਵੇ ਮਹਿੰਦੜੀ,
ਬਾਬਲਾ ਬੇ-ਜ਼ਾਰ ਦੁਨੀਆਂ ਸਿਰ ਚੜ੍ਹੀ।

ਚਿੱਟੇ ਵਸਤਰ ਪਹਿਨਕੇ ਕਿੱਦਾਂ ਤੁਰਾਂ,
ਸ਼ਹਿਰ ਦੇ ਹਰ ਮੋੜ 'ਤੇ ਨੇਰ੍ਹੀ ਚੜ੍ਹੀ।

ਰਿਸ਼ਤਿਆਂ ਵਿਚ ਜ਼ਹਿਰ ਕਾਹਨੂੰ ਘੋਲਦੈਂ,
ਜ਼ਿੰਦਗੀ ਤਾਂ ਮੋਹ ਮੁਹੱਬਤ 'ਤੇ ਖੜ੍ਹੀ।

ਖ਼ੁਦ ਮਿਟਾ 'ਲੋਚੀ' ਦਿਲਾਂ ਦੇ ਫ਼ਾਸਲੇ,
ਖਿਸਕ ਨਾ ਜਾਵੇ ਤਿਰੇ ਤੋਂ ਇਹ ਘੜੀ।

੨੦-ਸੈਕਿੰਡ ਫਲੋਰ, ਐੱਚ. ਆਈ. ਜੀ.
ਰਾਜਗੁਰੂ ਨਗਰ-ਲੁਧਿਆਣਾ
ਮੋਬ-੯੮੧੪੨-੫੩੩੧੫


Namdhari Elibrary NamdhariElibrary@gmail.com

## ਦੋ ਗ਼ਜ਼ਲਾਂ/ *–ਪ੍ਰਿੰ. ਕਰਤਾਰ ਸਿੰਘ ਕਾਲੜਾ*

(੧)

ਮੇਰੇ ਲਬ ਸੁੱਚੇ ਲਬਾਂ ਦੇ ਜਾਮ ਦੇ ਕਾਬਿਲ ਨਹੀਂ,
ਮੇਰੀ ਪੁਸਤਕ ਵੀ ਕਿਸੇ ਇਨ-ਆਮ ਦੇ ਕਾਬਿਲ ਨਹੀਂ।

ਮੈਂ ਨਿਮਾਣਾ ਨਿਮਰਤਾ ਦਾ ਪੁੰਜ ਹਾਂ, ਖ਼ੁੱਦਾਰ ਹਾਂ,
ਹਾਜ਼ਰੀ ਤੇਰੀ ਜੋ ਲੋਚੇ, ਸ਼ਾਮ ਦੇ ਕਾਬਿਲ ਨਹੀਂ।

ਮੇਰੇ ਪਾਲਣ ਵਿਚ ਮੇਰੇ ਬਾਪੂ ਨੇ ਉਹ ਭਰਿਐ ਖ਼ਮੀਰ,
ਮੈਂ ਚੁਬਾਰੇ ਧੜ੍ਹਨ ਵਾਲੀ ਖ਼ਾਸ ਦੇ ਕਾਬਿਲ ਨਹੀਂ।

ਬੇਖ਼ੁਦੀ ਮੇਰੀ ਕਿਸੇ ਦੇ ਮੇਚ ਆ ਸਕਦੀ ਨਹੀਂ,
ਰੂਹ ਦਾ ਆਸ਼ਿਕ ਕਿਸੇ 'ਇਕ ਗਾਮ' ਦੇ ਕਾਬਿਲ ਨਹੀਂ।

ਨਾ ਤਾਂ ਤੂੰ ਹਨੂੰਮਾਨ ਹੈ ਨਾ ਹੀ ਭਭੀਖਣ ਬਣ ਸਕੇਂ,
ਤਾਂ ਹੀ ਮਰਯਾਦਾ ਦੇ ਸਿਰਜਕ ਰਾਮ ਦੇ ਕਾਬਿਲ ਨਹੀਂ।

ਲੋਕ-ਭਗਤੀ ਦੀ ਦੁਹਾਈ ਦੇ ਰਿਹੈ, ਗ਼ੱਦਾਰ ਹੈ,
ਪਕੜ ਲਉ ਹੁਣ ਇਹ ਭਲੇ ਅੰਜ਼ਾਮ ਦੇ ਕਾਬਿਲ ਨਹੀਂ।

'ਕਾਲੜਾ' ਹਾਂ ਮੈਂ ਮੇਰਾ ਸੰਘਰਸ਼ ਕਰਨਾ ਧਰਮ ਹੈ,
ਧਰਮ ਹਿੰਦੂ ਸਿੱਖ ਜਾਂ ਇਸਲਾਮ ਦੇ ਕਾਬਿਲ ਨਹੀਂ।

'ਕਾਲੜਾ' ਉਪਨਾਮ ਹੈ ਪਰ ਨਾ ਮੇਰਾ 'ਕਰਤਾਰ' ਹੈ,
ਨਾਮ ਹੈ 'ਕਰਤਾਰ' ਪਰ ਇਸ ਨਾਮ ਦੇ ਕਾਬਿਲ ਨਹੀਂ।

(੨)

ਸੁਝਦਾ ਨਹੀਂ ਹੈ ਯਾਰਾਂ ਨੂੰ, ਬਾਝੋਂ ਸ਼ਰਾਬ ਕੁਝ।
ਉਡਦਾ ਰਿਹੈ ਹਰੇਕ ਪਲ, ਭਾਵੇਂ ਸ਼ਬਾਬ ਕੁਝ।

ਬੇਸ਼ਕ ਰਹੇ ਨੇ ਮੰਨਦੇ 'ਸਾਊ', ਅਸਾਂ ਨੂੰ 'ਮੂੜ੍ਹ',
ਬਣਕੇ ਰਹੇ ਹਾਂ ਉਮਰ ਭਰ ਆਪਾਂ ਨਵਾਬ ਕੁਝ।

ਘਾਟਾ ਰਿਹਾ ਹੈ ਅਕਲ ਦਾ ਦੁਬਿਧਾ 'ਚ ਮਨ ਰਿਹੈ,
ਉਲਟਾ ਰਹੀ ਹੈ ਖੋਲਦੀ ਮਨ ਦੀ ਕਿਤਾਬ ਕੁਝ।

ਮੈਂ ਲੋਚਦਾਂ ਗਿਆਨ, ਤੂੰ ਮਾਇਆ ਦਾ ਲਾਲਚੀ,
ਮੇਰੇ ਤੋਂ ਉਲਟ ਖੋਲਦੇ ਤੇਰਾ ਹਿਸਾਬ ਕੁਝ।

ਪੀਂਦੇ ਜੋ ਰੋਜ਼ ਉਸਦੇ ਘਰ ਵਸਦੀ ਹੈ ਮੂੜ੍ਹਤਾ,
ਮੁਕਦੀ ਪਛਾਣ ਆਪਣੀ ਬੇਗਾਨੀ ਜਨਾਬ ਕੁਝ।

ਬੀਵੀ ਨੂੰ ਮਾਂ ਬਣਾ ਲਵੇ, ਬੇਟੀ ਨੂੰ ਪਤਨੀ,
ਲੈਂਦਾ ਹੈ ਇਸ ਤਰ੍ਹਾਂ ਦੇ ਸ਼ਰਾਬੀ ਖ਼ਾਬ ਕੁਝ।

ਗੁਰਮੁੱਖ ਦੇ ਨਾਲ ਸਾਂਝ ਨਿਭ ਸਕਦੀ ਨਾ ਓਸ ਦੀ,
ਪੀ ਕੇ ਸ਼ਰਾਬ ਸੋਚੇ, ਸ਼ਰਾਬੀ ਖ਼ਰਾਬ ਕੁਝ।

ਰਖੇ ਬਚਾ ਕੇ ਰੱਬ ਹੀ ਇਸ ਤੋਂ ਜੋ 'ਕਾਲੜਾ'
ਉਸ ਦੀ ਜ਼ਮੀਰ ਨੂੰ ਮਿਲੇ ਆਤਮ-ਸਵਾਬ ਕੁਝ।

*੨੨੪, ਪਾਂਡੂਸਰ*
*ਨਾਭਾ-147201*

## ਗੱਲ ਪੰਜਾਬ ਦੇ ਪਾਣੀ ਦੀ

*–ਡੀ. ਆਰ ਧਵਨ*

ਕਿਉਂ ਭੁੱਲ ਗਏ ਪੰਜਾਬੀ ਸਾਡੇ, ਜਿਹੜੀ ਰੀਤ ਪੁਰਾਣੀ ਸੀ।
ਲੋਕੀਂ ਦੁੱਧ ਪਿਲਾਉਂਦੇ ਸਨ, ਜਦ ਰਾਹੀ ਮੰਗਦਾ ਪਾਣੀ ਸੀ।
ਆਇਆ ਕਰੂ ਸਵਾਲ ਕਦੀ, ਇਹ ਕਾਲਜ ਦੇ ਵਿਚ ਕੁੜੀਆਂ ਨੂੰ
ਚਰਖ਼ਾ ਕਿਸ ਕੰਮ ਆਉਂਦਾ ਸੀ ਤੇ ਕਿਹੋ ਜਿਹੀ ਮਧਾਣੀ ਸੀ ?

ਨਾ ਚਰਖੇ ਦੀ ਗੂੰਜ, ਨਾ ਘੂਕ ਮਧਾਣੀ ਦੀ
ਰੰਗਤ ਬਦਲ ਗਈ ਪੰਜਾਬ ਦੇ ਪਾਣੀ ਦੀ
ਨਾ ਸੁੱਥਰ, ਨਾ ਸਾਲੂ, ਨਾ ਫੁਲਕਾਰੀ ਹੈ,
ਇਸ ਫੈਸ਼ਨ ਨੇ ਕੁੜੀਆਂ ਦੀ ਮੱਤ ਮਾਰੀ ਹੈ।
ਦਿਸੇ ਨਾ ਚੁੰਨੀ ਸਿਰ 'ਤੇ ਕਿਸੇ ਸੁਆਣੀ ਦੀ।
ਰੰਗਤ ਬਦਲ ਗਈ...

ਛੋਟਿਆਂ ਨੂੰ ਵੱਡਿਆਂ ਦਾ ਆਦਰ ਭੁੱਲਿਆ ਹੈ,
ਪਿਆਰ ਮੁਹੱਬਤ ਜ਼ਰ ਦੀ ਤੱਕੜੀ ਤੁਲਿਆ ਹੈ।
ਕੌਡੀ ਕੀਮਤ ਰਹੀ ਨਾ ਚੀਜ਼ ਪੁਰਾਣੀ ਦੀ।
ਰੰਗਤ ਬਦਲ ਗਈ...

ਫਿੱਕੀ ਪੈ ਗਈ ਸਾਂਝ ਵੀ ਸਕੇ ਭਰਾਵਾਂ ਦੀ,
ਭੁੱਲਦੇ ਜਾਂਦੇ ਲੋਕੀਂ ਯਾਦ ਖੜਾਵਾਂ ਦੀ,
ਕਿਤੇ ਮਿਸਾਲ ਮੋਲੇ ਨਾ ਝਾਂਸੀ ਰਾਣੀ ਦੀ।
ਰੰਗਤ ਬਦਲ ਗਈ...

ਊਣੀ ਹੋ ਗਈ ਧਰਤੀ ਪੰਜ ਦਰਿਆਵਾਂ ਦੀ
ਸੱਥ ਗੁਆਚੀ ਬੋਹੜ, ਪਿੱਪਲ ਦੀਆਂ ਛਾਵਾਂ ਦੀ,
ਬਾਤ ਕੋਈ ਨਾ ਪੁੱਛੇ ਏਸ ਨਿਮਾਣੀ ਦੀ।
ਰੰਗਤ ਬਦਲ ਗਈ...

ਕੁੜੀਆਂ, ਮੁੰਡਿਆਂ ਦੇ ਮੂੰਹ 'ਤੇ ਹੁਣ ਖੇੜਾ ਨਹੀਂ,
ਦੁੱਧ 'ਚੋਂ ਨਿਕਲਦਾ ਮੱਖਣ ਦਾ ਪੇੜਾ ਨਹੀਂ,
ਮਰ ਗਈ ਯਾਰੋ ਤੜ੍ਹ ਮੁੰਡਿਆਂ ਦੀ ਢਾਣੀ ਦੀ।
ਰੰਗਤ ਬਦਲ ਗਈ...

ਯਾਦ ਭੁਲਾਈ ਨਾਨਕ, ਹਾਸ਼ਮ, ਬੁੱਲ੍ਹੇ ਦੀ,
ਕਿਹੜਾ ਰੀਸ ਕਰੂ ਪੰਜਾਬੀ ਦੁੱਲੇ ਦੀ,
ਮੈਲੀ ਹੋ ਗਈ ਸ਼ਾਨ ਪੰਜਾਬੀ ਰਾਣੀ ਦੀ।
ਰੰਗਤ ਬਦਲ ਗਈ...

ਪੈਸਾ ਹੈ ਪ੍ਰਧਾਨ ਪਿਆਰ ਦੀ ਕੀਮਤ ਨਹੀਂ,
ਆਪਣਿਆਂ ਨੂੰ ਆਪਣਿਆਂ ਨਾਲ ਮੁਹੱਬਤ ਨਹੀਂ,
ਹਰ ਥਾਂ 'ਤੇ ਸਰਦਾਰੀ ਹੈ ਵੰਡ ਕਾਣੀ ਦੀ।
ਰੰਗਤ ਬਦਲ ਗਈ...

ਵਿਕਦਾ ਹੈ ਇਨਸਾਫ਼, ਸਿਆਸਤ ਵਿਕਦੀ ਹੈ,
ਧਰਮ, ਇਬਾਦਤ, ਇੱਜ਼ਤ, ਸ਼ੁਹਰਤ ਵਿਕਦੀ ਹੈ,
ਛੇੜ 'ਧਵਨ' ਕੋਈ ਐਸੀ ਬਾਤ ਕਹਾਣੀ ਦੀ।
ਰੰਗਤ ਬਦਲ ਗਈ ਪੰਜਾਬ ਦੇ ਪਾਣੀ ਦੀ।

*ਪਿੰਡ ਸਰਮਸਤਪੁਰ (ਜਲੰਧਰ)*



Namdhari Elibrary NamdhariElibrary@gmail.com

*ਗਦਰ ਪਾਰਟੀ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ*

# ਜਾਨ ਪਾਈ ਹੈ ਦੇਸ਼ ਦੀ ਜਾਨ ਖ਼ਾਤਰ

*—ਫਕੀਰਚੰਦ ਜਲੰਧਰੀ (ਤੁਲੀ)*

**ਗ਼ਦਰੀ ਬਾਬਿਆਂ ਦੇ ਨਾਮ**

ਸਾਨਫਰਾਂਸਿਸਕੋ, ਉੱਨੀ ਸੌ ਤੇਰਾਂ ਅੰਦਰ, ਗਦਰ-ਗੂੰਜ ਉਠੀ ਜਦ ਸਨਮਾਨ ਖਾਤਰ।
ਕਾਮਾਗਾਟਾਮਾਰੂ ਅਸੀਂ ਲੈ ਆਏ, ਸੱਤਾ, ਸਾਗਰਾਂ ਵਿਚ ਤੂਫ਼ਾਨ ਖਾਤਰ।
ਬੱਜ-ਬੱਜ ਘਾਟ ਉਤੇ ਅਸੀਂ ਗਏ ਭੁੰਨੇ, ਅਸੀਂ ਭੁੱਜੇ ਸਾਂ ਦੇਸ਼ ਦੀ ਆਨ ਖਾਤਰ।
ਅਸੀਂ ਜੀਵੇ ਤਾਂ ਹਿੰਦੋਸਤਾਨ ਖਾਤਰ, ਅਸੀਂ ਮਰੇ ਤਾਂ ਹਿੰਦੋਸਤਾਨ ਖਾਤਰ।
ਅਸੀਂ ਯੂਨੀਅਨ ਜੈਕ ਉਖਾੜ ਦਿੱਤਾ, ਤਿੰਨ ਰੰਗਾਂ ਵਿਚ ਰੰਗੇ ਅਰਮਾਨ ਖਾਤਰ।
ਬੱਜ-ਬੱਜ-ਘਾਟ ਸਾਡੀ ਮਿੱਟੀ ਬੋਲਦੀ ਹੈ, ਜਾਨ ਪਾਈ ਹੈ ਦੇਸ਼ ਦੀ ਜਾਨ ਖਾਤਰ।

ਰੰਬੀ ਨਾਲ ਲੁਹਾ ਕੇ ਖੋਪਰੀ ਨੂੰ, ਖੱਪਰ ਸੀਸ ਬਣਾਇਆ ਤਾਂ ਹਿੰਦ ਖਾਤਰ।
ਮਤੀਦਾਸ ਨੇ ਚਾਂਦਨੀ ਚੌਂਕ ਅੰਦਰ, ਆਪਣਾ ਜਿਸਮ ਚਿਰਵਾਇਆ ਤਾਂ ਹਿੰਦ ਖਾਤਰ।
ਚਾਦਰ ਹਿੰਦ ਦੀ ਬਨਣ ਲਈ ਪਾਤਸ਼ਾਹ ਨੇ, ਆਪਣਾ ਸੀਸ ਕਟਵਾਇਆ ਤਾਂ ਹਿੰਦ ਖਾਤਰ।
ਧੜ ਨੇ ਲੜਦਿਆਂ ਲੜਦਿਆਂ ਯੁੱਧ ਅੰਦਰ, ਜੇਕਰ ਖੰਡਾ ਖੜਕਾਇਆ ਤਾਂ ਹਿੰਦ ਖਾਤਰ।

ਅਸੀਂ ਚਰਖੜੀ ਤੇ ਕੱਤੇ ਜਿਸਮ ਆਪਣੇ, ਭਾਰਤ ਲਈ ਦੁਸ਼ਾਲੇ ਬਨਾਉਣ ਖਾਤਰ।
ਚੜ੍ਹ ਕੇ ਚਰਖੜੀ ਤੇ ਸਾਡੀ ਅਣਖ ਘੁੰਮੀ, ਭਾਰਤ ਵਰਸ਼ ਦਾ ਵਕਤ ਘੁਮਾਉਣ ਖਾਤਰ।
ਖੌਰੇ ਕਿੰਨਾ ਸ਼ਹੀਦਾਂ ਨੇ ਖੂਨ ਦਿੱਤਾ, ਲਾਲ ਕਿਲੇ ਤੇ ਲਾਲੀ ਚੜ੍ਹਾਉਣ ਖਾਤਰ।
ਖੌਰੇ ਕਿੰਨਾ ਆਜ਼ਾਦੀ ਨੇ ਖੂਨ ਪੀਤਾ, ਮਰਦੇ ਹਿੰਦ ਅੰਦਰ ਜਾਨ ਪਾਉਣ ਖਾਤਰ।

ਦਾਸ ਯੁੱਗ ਸ਼ਹੀਦਾਂ ਸਮੇਟ ਦਿੱਤਾ, ਕੁੱਲ ਅਜ਼ਾਦੀਆਂ ਦੀ ਦਾਸਤਾਨ ਖਾਤਰ।
ਉਹ ਜੇਕਰ ਜੀਵੇ ਤਾਂ ਹਿੰਦੋਸਤਾਨ ਖਾਤਰ, ਉਹ ਜੇਕਰ ਮਰੇ ਤਾਂ ਹਿੰਦੋਸਤਾਨ ਖਾਤਰ।
ਕਾਲੇ ਪਾਣੀਆਂ ਵਿਚ ਜਾਨ ਜਾਨ ਬੋਲੇ, ਜਾਨ ਪਾਈ ਹੈ ਦੇਸ਼ ਦੀ ਜਾਨ ਖਾਤਰ।

**ਆਜ਼ਾਦੀ ਸੰਗਰਾਮੀਏ-ਕੂਕਿਆਂ ਦੇ ਨਾਮ**

ਭੈਣੀ ਸਾਹਿਬ ਆਜ਼ਾਦੀ ਦੀ ਕੂਕ ਮਾਰੀ, ਕੂਕੇ ਤੋਪਾਂ ਦੇ ਤੂੰਬੇ ਉਡਾਉਣ ਲੱਗੇ।
ਤੂੰਬਾ-ਤੂੰਬਾ ਗੁਲਾਮੀ ਉਡਾ ਕੇ ਤੇ, ਕੂਕੇ ਉਡਣਾ ਸਾਨੂੰ ਸਿਖਾਉਣ ਲੱਗੇ।
ਕਿੰਨਾ ਮੁੱਲ ਅਜ਼ਾਦੀ ਦੀ ਗਲੀ ਮੰਗੇ, ਕੂਕੇ ਉਡ ਕੇ ਸਾਨੂੰ ਸਮਝਾਉਣ ਲੱਗੇ।
ਕੂਕੇ ਉੱਡੇ ਸੀ ਖੰਭਾਂ ਬਗੈਰ, ਐਪਰ, ਖੰਭ ਪਰਬਤਾਂ ਤਾਈ ਲਗਾਉਣ ਲੱਗੇ।
ਕੂਕੇ ਤੋਪਾਂ ਅੱਗੇ ਖੜ੍ਹ ਕੇ ਮੁਸਕਰਾਏ, ਲਾਲ ਕਿਲੇ ਦੀ ਸੱਚੀ ਮੁਸਕਾਨ ਖਾਤਰ।
ਕੂਕੇ ਜੀਵੇ ਤਾਂ ਹਿੰਦੋਸਤਾਨ ਖਾਤਰ, ਕੂਕੇ ਮਰੇ ਤਾਂ ਹਿੰਦੋਸਤਾਨ ਖਾਤਰ।
ਅੱਜ ਵੀ ਤੋਪਾਂ ਦੇ ਵਿਚੋਂ ਆਵਾਜ਼ ਆਵੇ, ਜਾਨ ਪਈ ਹੈ, ਦੇਸ਼ ਦੀ ਜਾਨ ਖਾਤਰ।


Namdhari Elibrary NamdhariElibrary@gmail.com

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਮ

ਜਦੋਂ ਡਿੱਗ ਪਿਆ ਸਾਂਡਰਸ ਸੜਕ ਉਤੇ, ਉਸਨੂੰ ਨੀਲੇ ਦੀ ਟਾਪ ਸੁਣਾਈ ਦਿੱਤੀ।
ਉਸਨੇ ਵੇਖਿਆ ਕਿ 'ਨਲੂਆ' ਆ ਗਿਆ ਹੈ, ਉਸਨੂੰ ਜਿੱਤ ਜਮਰੌਦ ਵਿਖਾਈ ਦਿੱਤੀ।
ਭਗਤ ਸਿੰਘ ਨੇ ਸਰਘੀ ਦੀ ਲੋਅ ਬਣਕੇ, ਸੂਰਜ ਹੱਥ ਵਿਚ ਫੜਣ ਦੀ ਜਾਚ ਦੱਸੀ।

ਸੀਸ ਤਲੀ ਤੇ ਰੱਖ ਕੇ ਭਗਤ ਸਿੰਘ ਨੇ, ਲਾਲ ਕਿਲੇ ਤੇ ਚੜ੍ਹਣ ਦੀ ਜਾਚ ਦੱਸੀ।
ਜਿਹੜੇ ਰੱਸੇ ਨੇ 'ਭਗਤ' ਸ਼ਹੀਦ ਕੀਤਾ, ਉਹ ਬਣਕੇ ਡੋਰਾ ਤਿਰੰਗੇ 'ਚ ਤਣ ਗਿਆ ਹੈ।
ਜਿਹੜੇ ਰੱਸੇ ਤੇ ਭਗਤ ਸਿੰਘ ਲਏ ਝੂਟੇ, ਉਹ ਪੀਂਘ ਸਤਰੰਗੀ ਸਾਡੀ ਬਣ ਗਿਆ ਹੈ।
ਏਸੇ ਪੀਂਘ ਵਿਚੋਂ ਤਿੰਨ-ਰੰਗ ਉਛਲੇ, ਤਿੰਨ-ਰੰਗੇ ਦੇ ਤਿੰਨ ਦਿਲਦਾਰ ਬਣ ਗਏ।
ਰਾਜਗੁਰੂ ਤੇ ਭਗਤ, ਸੁਖਦੇਵ ਤਿੰਨੇ, ਤਿੰਨ-ਰੰਗਾਂ ਦੇ ਤਿੰਨੇ ਸ਼ੰਗਾਰ ਬਣ ਗਏ।
ਤਿੰਨ-ਰੰਗ ਸ਼ਹੀਦਾਂ ਝੁਲਾ ਦਿੱਤੇ, ਭਾਰਤ ਵਰਸ਼ ਦੇ ਨੀਲੇ ਅਸਮਾਨ ਖਾਤਰ।
ਕਾਰਗਿੱਲ ਉਤੋਂ ਜਾਨ ਜਾਨ ਬੋਲੇ, ਜਾਨ ਪਈ ਹੈ ਦੇਸ਼ ਦੀ ਜਾਨ ਖਾਤਰ।

ਸੁੱਤੇ ਪਏ ਆਂ ਕਿੱਕਰ ਦੇ ਛਾਪਿਆਂ ਤੇ, ਸਿਰ ਤੇ ਛਾਈ ਮਿਜ਼ਾਈਲਾਂ ਦੀ ਸ਼ੂਕ ਮੀਆਂ।
ਪੰਜ ਆਬਾਂ ਦੀ ਹਵਾ 'ਪੰਜ-ਫੂਲ ਰਾਣੀ'* ਸਾੜ ਘੱਤੀ ਓ ਹੀਰ ਮਲੂਕ ਮੀਆਂ।
ਸਾਡੇ ਖ਼ੂਨ ਦੇ ਘੁੱਟਾਂ ਦੇ ਨਸ਼ੇ ਅੰਦਰ, ਪਾਵੇ ਤਖ਼ਤਾਂ ਦੇ ਸੁੱਤੇ ਨੀ ਘੂਕ ਮੀਆਂ।
ਜੰਗ ਦਿੱਲੀ-ਲਾਹੌਰ ਦਾ ਹੋਈ ਜਾਂਦਾ, ਧਰ ਕੇ ਮੋਢੇ ਤੇ ਸਾਡੇ ਬੰਦੂਕ ਮੀਆਂ।

ਜਦੋਂ ਤਕ ਫੈਸਲੇ ਬੰਦੂਕਾਂ ਨਾਲ ਹੋਣਗੇ
ਪੁੱਤਾਂ ਨੂੰ ਉਡੀਕਦੇ ਬਨੇਰੇ ਬਹੁਤ ਰੋਣਗੇ
ਜਦੋਂ ਤੱਕ ਫੈਸਲੇ ਸੰਗੀਨਾਂ ਨਾਲ ਹੋਣਗੇ
ਰੋਣਗੀਆਂ ਰਾਤਾਂ ਤੇ ਸਵੇਰੇ ਬਹੁਤ ਰੋਣਗੇ।

ਅੰਨ੍ਹੀਂ-ਬੋਲੀ ਬੰਦੂਕ ਕੀ ਜਾਣਦੀ ਹੈ, ਪਾਕਿਸਤਾਨ ਖਾਤਰ ਹਿੰਦੋਸਤਾਨ ਖਾਤਰ।
ਹਿੰਦ-ਪਾਕਿ ਤੇ ਸਾਰੀ ਜਹਾਨ ਮੇਰਾ, ਮੇਰੀ ਕਲਮ ਹੈ ਸਾਰੇ ਜਹਾਨ ਖਾਤਰ।
ਮੇਰੀ ਕਲਮ ਹੈ, ਸਾਰਾ ਜ਼ਮੀਨ ਖਾਤਰ, ਮੇਰੀ ਕਲਮ ਹੈ ਸਾਰੇ ਅਸਮਾਨ ਖਾਤਰ।
ਸਾਰਾ ਵਿਸ਼ਵ 'ਫ਼ਕੀਰਾ' ਹੈ ਦੇਸ਼ ਮੇਰਾ, ਜਾਨ ਪਾਈ ਹੈ ਦੇਸ਼ ਦੀ ਜਾਨ ਖਾਤਰ।

---

*ਸ਼ਾਹ ਪਰੀ ਦੀ ਭੈਣ ਪੰਜ ਫੂਲ ਰਾਣੀ, ਗੁੱਝੀ ਰਵ੍ਹੇ ਨਾ ਹੀਰ ਹਜ਼ਾਰ ਵਿਚੋਂ

-ਵਾਰਸ਼ਾਹ



Namdhari Elibrary NamdhariElibrary@gmail.com

# ਦੋ ਕਵਿਤਾਵਾਂ/ —ਡਾ. ਹਰਨੇਕ ਸਿੰਘ ਕੋਮਲ



## ਮਨ-ਮੰਦਰ

"ਮਨੁ-ਮੰਦਰੁ
ਤਨੁ ਵੇਸ ਕਲੰਦਰੁ"
ਬਾਣੀ ਦੱਸੇ!

ਮੰਦਰ ਦੇ ਵਿਚ
ਸੱਚੇ-ਸੁਚੇ ਖ਼ਿਆਲਾਂ ਦੇ ਕੁਝ
ਹੀਰੇ-ਮੋਤੀ ਭਰ ਕੇ ਰੱਖੋ।
ਖ਼ਾਲੀ ਇਸਨੂੰ ਕਦੇ ਨਾ ਛੱਡੋ।
ਖ਼ਾਲੀ ਘਰ ਵਿਚ
ਕੂੜਾ-ਕਰਕਟ ਭਰ ਜਾਂਦਾ ਹੈ।

ਇਹ ਮੰਦਰ ਫਿਰ
ਰਹੇ ਨਾ ਮੰਦਰ
ਨਿੱਕੇ-ਨਿੱਕੇ ਚੋਰਾਂ ਦਾ ਇਹ
ਬਣੇ ਟਿਕਾਣਾ।
ਮੁਸ਼ਕਿਲ ਹੋਵੇ
ਚੋਰਾਂ ਨੂੰ ਫਿਰ
ਬਾਹਰ ਕੱਢਣਾ।

ਚੰਗਾ ਤਾਂ ਹੈ
ਮਨ-ਮੰਦਰ ਨੂੰ
ਰੱਖੋ ਹਰਦਮ ਝਾੜ ਪੂੰਝ ਕੇ।
ਪਵਿੱਤਰਤਾ ਬਿਨ ਕਾਹਦਾ ਮੰਦਰ।

## ਕਵਿਤਾ

ਕੈਸੇ ਸ਼ਾਇਰ
ਉਹ ਹਨ ਮਿੱਤਰੋ
ਜਿਹੜੇ
ਆਪਣੇ ਮਨ ਦੀ ਮੈਲ ਸਾਰੀ
'ਕੱਠੀ ਕਰਕੇ
ਸ਼ਬਦਾਂ ਦੇ ਵਿਚ ਭਰ ਕੇ
ਕਾਗਜ਼ ਉੱਤੇ ਢੇਰੀ ਕਰਦੇ।

ਮਨ-ਮਾਇਆ ਦੇ
ਜਾਲ 'ਚ ਉਲਝੇ
ਤਨ ਤੋਂ ਤਨ ਤੱਕ
ਵਾਟ ਜਿਨ੍ਹਾਂ ਦੀ
ਹਿਨਾ ਦੇ ਜੰਗਲ ਵਿਚ
ਰਹਿਣ ਗੁਆਚੇ।
ਰਹਿਣ ਭਟਕਦੇ!

ਉਹ ਨਾ ਸਮਝਣ
ਕਵਿਤਾ ਤਾਂ ਹੈ
ਜ਼ਿੰਦਗੀ ਦੀ ਦਹਿਲੀਜ਼ ਦੇ ਉੱਤੇ
ਇਬਾਦਤ ਸੱਚ ਦੀ!
ਕਵਿਤਾ ਤਾਂ ਹੈ
ਮਨ ਦੇ ਕੋਰੇ ਕਾਗਜ਼ ਉੱਤੇ
ਇਬਾਰਤ ਸੱਚ ਦੀ!

*ਮੋ-੯੩੧੭੭-੬੧੪੧੪*


## ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ ਬਿਆਨ

| | | |
|---|---|---|
| ੧. | ਪ੍ਰਕਾਸ਼ਨ ਸਥਾਨ | ਜਲੰਧਰ |
| ੨. | ਪ੍ਰਕਾਸ਼ਨ ਕਾਲ | ਮਾਸਕ |
| ੩. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੬. | ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿੱਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਉੱਪਰ ਦਿੱਤੇ ਗਏ ਵੇਰਵੇ ਸੱਚ ਹਨ।

*ਸਹੀ*

*ਮਿਤੀ ੨੮-੨-੨੦੧੧* *ਜਗਦੀਸ਼ ਸਿੰਘ*
*(ਪ੍ਰਕਾਸ਼ਕ ਦੇ ਦਸਤਖਤ)*




Namdhari Elibrary NamdhariElibrary@gmail.com

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ॥

# ਸੁਰ-ਸ਼ਰਧਾਂਜਲੀ-ਪੰਡਿਤ ਭੀਮ ਸੈਨ ਜੋਸ਼ੀ

*-ਪ੍ਰੋ. ਕੁਲਵਿੰਦਰ ਦੀਪ ਕੌਰ*




੨੪ ਜਨਵਰੀ ੨੦੧੧ ਦੀ ਸਵੇਰ ਇਕ ਮਨਹੂਸ ਖਬਰ ਲੈ ਕੇ ਆਈ ਕਿ ਪੰਡਿਤ ਭੀਮਸੇਨ ਜੀ ਜੋਸ਼ੀ ਇਸ ਫਾਨੀ ਦੁਨੀਆ ਤੋਂ ਕੂਚ ਕਰ ਗਏ ਹਨ। ਇਹ ਖਬਰ ਸਾਰੇ ਸੰਗੀਤ ਪ੍ਰੇਮੀਆਂ ਉੱਤੇ ਬਿਜਲੀ ਵਾਂਗ ਗਿਰੀ ਅਤੇ ਸਾਰੇ ਸੰਗੀਤ ਜਗਤ ਨੂੰ ਸੋਗਵਾਰ ਕਰ ਗਈ।

ਪੰਡਿਤ ਭੀਮਸੇਨ ਜੀ ਜੋਸ਼ੀ, ਇਕ ਪ੍ਰਸਿੱਧ ਨਾਮ, ਇਕ ਨਾਯਾਬ ਸ਼ਖਸੀਅਤ ਸੰਗੀਤ ਦੀ ਇਕ ਅਵਿਰਲ ਧਾਰਾ, ਕਿਰਾਨਾ ਘਰਾਨੇ ਦਾ ਚਮਕਦਾ ਸੂਰਜ, ਮਾਂ ਸਰਸਵਤੀ ਦਾ ਪਿਆਰਾ ਅਰਾਧਕ-ਜਿਨ੍ਹਾਂ ਦੀ ਮਧੁਰ ਸੁਰੀਲੀ ਆਵਾਜ਼ ਸਭ ਸੰਗੀਤ ਪ੍ਰੇਮੀਆਂ ਨੂੰ ਲੁਭਾਉਂਦੀ ਸੀ, ਆਨੰਦ ਦੇਂਦੀ ਸੀ, ਅੱਜ ਸਾਡੇ ਵਿਚ ਨਹੀਂ ਰਹੀ। ਦਮਦਾਰ ਖੁਲੀ ਬੁਲੰਦ ਆਵਾਜ਼, ਜਿਵੇਂ ਕਿ ਅਸਮਾਨ ਤਕ ਪਹੁੰਚ ਕੇ ਪ੍ਰਭੂ ਨੂੰ ਪੁਕਾਰ ਕਰ ਰਹੀ ਹੋਵੇ। ਮੰਦਰ, ਅਤਿ ਮੰਦਰ ਸਪਤਕ ਤਕ ਜਾ ਕੇ ਜਿਵੇਂ ਕਿ ਮਾਂ ਸਰਸਵਤੀ ਦੇ ਚਰਨਾਂ ਉਤੇ ਜਾ ਕੇ ਨਤਮਸਤਕ ਹੋ ਰਹੀ ਹੋਵੇ। ਸਪੱਸ਼ਟ, ਦਰੁਤ ਅਤਿ ਦਰੁਤ, ਗਮਕਦਾਰ, ਸਪਾਟ, ਛੂਟ ਆਦਿ ਦੀਆਂ ਤਾਨਾਂ ਜਿਵੇਂ ਕਿ ਆਕਾਸ਼ ਉਤੇ ਬਿਜਲੀ ਕੜਕ ਰਹੀ ਹੋਵੇ। ਸੁਣਨ ਵਾਲੇ ਆਪ ਦੀ ਨਾਯਾਬ ਕਲਾ ਦੇ ਅੱਗੇ ਮੰਤਰ ਮੁਗਧ ਬੈਠੇ ਰਹਿ ਜਾਂਦੇ ਸਨ, ਲੁੱਟ ਜਾਂਦੇ ਸਨ ਅਤੇ ਅਸਚਰਜ ਚਕਿਤ੍ ਰਹਿ ਜਾਂਦੇ ਸਨ।

ਪੰਡਿਤ ਭੀਮਸੇਨ ਜੋਸ਼ੀ ਜੀ ਦੀ ਇਸ ਬੁਲੰਦੀ ਦੇ ਪਿਛੇ ਉਨ੍ਹਾਂ ਦੀ ਕਈਂ ਵਰ੍ਹਿਆਂ ਦੀ ਘੋਰ ਤਪੱਸਿਆ, ਮਿਹਨਤ ਅਤੇ ਚੇਟਕ ਦਾ ਫਲ ਸੀ। ੪ ਫਰਵਰੀ ੧੯੨੨ ਵਿਚ ਕਰਨਾਟਕ, ਜ਼ਿਲ੍ਹਾ ਧਾਰਵਾੜ, ਤਾਲੂਕਾ ਨਗਰ, ਗਦਗ ਵਿਖੇ ਜਨਮ ਹੋਇਆ। ਪਿਤਾ ਪੰਡਿਤ ਗੁਰੂ ਰਾਜ ਜੋਸ਼ੀ ਸਨ ਅਤੇ ਦਾਦਾ ਪੰਡਿਤ ਭੀਮ ਅਚਾਰਯ ਇਕ ਵਿਖਿਆਤ ਸਮਰਪਿਤ ਕੀਰਤਨਕਾਰ ਸਨ। ਬਚਪਨ ਤੋਂ ਭੀਮਸੇਨ ਜੀ ਨੂੰ ਵੀ ਸੰਗੀਤ ਪ੍ਰਤੀ ਖਿੱਚ ਸੀ। ਬਚਪਨ ਵਿਚ ਸ਼ਾਦੀਆਂ ਵਿਚ ਵਜਣ ਵਾਲੇ ਬੈਂਡ ਅਤੇ ਆਜ਼ਾਨ ਦੀ ਆਵਾਜ਼ ਆਪ ਨੂੰ ਉਚੇਚੇ ਤੌਰ ਤੇ ਆਪਣੇ ਵਲ ਖਿਚਦੀ ਸੀ। ਆਪ ਨੂੰ ਸੰਗੀਤ ਸਿੱਖਣ ਲਈ ਗੁਰੂ ਦੀ ਤਲਾਸ਼ ਦੀ ਤਲਬ ਮਹਿਸੂਸ ਹੋਈ। ੧੦ ਸਾਲ ਦੀ ਆਯੂ ਵਿਚ ਇਹ ਤਲਬ ਆਪ ਜੀ ਨੂੰ ਜਲੰਧਰ ਦੀ ਹਰਬਲਭ ਦੀ ਸੰਗੀਤ ਪਰੰਪਰਾ ਵੱਲ ਖਿਚ ਲਿਆਈ। ਆਪ ਜੀ ਇਥੇ ਆ ਕੇ ਕਈਂ ਸੰਗੀਤਕਾਰਾਂ ਦੀ ਸੰਗੀਤ ਕਲਾ ਤੋਂ ਪ੍ਰਭਾਵਿਤ ਹੋਏ ਜਿਵੇਂ ਪੰਡਿਤ ਕ੍ਰਿਸ਼ਨ ਰਾਵ ਦੀ ਸੰਗੀਤ ਵਿਦਿਆ ਤੋਂ ਪ੍ਰੇਰਨਾ ਲਈ, ਉਸਤਾਦ ਹਾਫ਼ਿਜ ਅਲੀ ਖਾਂ ਤੋਂ ਪੂਰੀਆ-ਮਾਰਵਾ ਦੇ ਭੇਦ ਸਮਝੇ। ਇਸ ਤਰ੍ਹਾਂ ਛਿਟ-ਪੁਟ ਸੰਗੀਤ ਸਿੱਖਿਆ ਇਧਰੋਂ ਉਧਰੋਂ ਪ੍ਰਾਪਤ ਕੀਤੀ। ਇਕ ਦਿਨ ਪੰਡਿਤ ਪਟਵਰਧਨ ਬੂਵਾ ਨੇ ਇਨ੍ਹਾਂ ਨੂੰ ਬਿਠਾ ਕੇ ਸਮਝਾਇਆ। ਘਰ ਵਾਪਿਸ ਜਾਣ ਦੀ ਸਲਾਹ ਦਿੱਤੀ ਅਤੇ ਸ੍ਰੀ ਸਵਾਈ ਗੰਧਰਵ ਜੀ ਪਾਸੋਂ ਸੰਗੀਤ ਦੀ ਵਿਧਿਵਤ ਸਿੱਖਿਆ ਲੈਣ ਲਈ ਕਿਹਾ।



Namdhari Elibrary NamdhariElibrary@gmail.com



ਪ੍ਰੋ. ਕੁਲਵਿੰਦਰ ਦੀਪ ਕੌਰ

ਇਸ ਤੋਂ ਬਾਦ ਆਪ ਘਰ ਆ ਗਏ ਅਤੇ ਕਿਰਾਨਾ ਘਰਾਨੇ ਦੇ ਪ੍ਰਸਿੱਧ ਸੰਗੀਤਕਾਰ ਪੰਡਿਤ ਸਵਾਈ ਗੰਧਰਵ ਪਾਸੋਂ ਵਿਦਿਵਤ ਗੁਰੂ-ਸ਼ਿਸ਼ ਪਰੰਪਰਾ ਅਨੁਸਾਰ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਕਈ ਵਰ੍ਹਿਆਂ ਦੀ ਗੁਰੂ ਸਿੱਖਿਆ ਅਤੇ ਇਨ੍ਹਾਂ ਦੀ ਆਪਣੀ ਕਠਿਨ ਤਪੱਸਿਆ ਦੇ ਫਲਸਰੂਪ ਭਾਰਤੀ ਸੰਗੀਤ ਜਗਤ ਨੂੰ ਇਹ ਬੇਸ਼ਕੀਮਤੀ ਹੀਰਾ ਮਿਲਿਆ। ਕਿਰਾਨਾ ਘਰਾਨੇ ਦਾ ਇਹ ਨਾਯਾਬ ਹੀਰਾ ਦੇਸ਼ ਵਿਦੇਸ਼ ਵਿਚ ਆਪਣੀ ਕਲਾ ਦੀ ਜਾਦੂਗਿਰੀ ਨਾਲ ਪ੍ਰਸਿੱਧ ਹੋ ਗਿਆ।

ਆਪ ਜੀ ਜਿੱਥੇ ਸ਼ਾਸਤਰੀ ਸੰਗੀਤ ਦੀ ਖਿਆਲ ਸ਼ੈਲੀ ਵਿਚ ਨਿਪੁੰਨ ਸਨ, ਉਥੇ ਦੂਜੇ ਪਾਸੇ ਠੁਮਰੀ, ਭਜਨ ਅਤੇ ਅਭੰਗ ਸ਼ੈਲੀਆਂ ਵਿਚ ਵੀ ਮਹਾਰਤ ਰੱਖਦੇ ਸਨ। ਪੂਰੀਆ, ਭੈਰਵੀ, ਯਮਨ, ਦਰਬਾਰੀ, ਮਾਰਵਾ, ਬਸੰਤ, ਝਿੰਝੋਟੀ ਆਦਿ ਆਪ ਦੇ ਪਿਆਰੇ ਰਾਗ ਸਨ। ਕਈ ਹਿੰਦੀ, ਮਰਾਠੀ, ਕੰਨੜ ਭਾਸ਼ਾ ਦੇ ਭਜਨ ਸੰਗੀਤ ਪ੍ਰੇਮੀਆਂ ਵਲੋਂ ਬੜੇ ਪਿਆਰ ਨਾਲ ਸੁਣੇ ਜਾਂਦੇ ਹਨ।

"ਰਾਮ ਕੇ ਗੁਣਗਾਨ ਕਰੀਏ"-

"ਸ਼ਾਮ ਬਜਾਏ ਆਜ ਮੁਰਲੀਆ"-

"ਪੁਰਸ਼ੋਤਮ ਬਾਲਾ ਵਾਕਰ ਨਾਰਾਯਣ ਵੰਦਨ"- (ਲਤਾ+ਭੀਮਸੇਨ)

ਮਰਾਠੀ ਵਿਚ- "ਤੀਰਥ ਬੀਠਲ ਖੇਤਰ ਬੀਠਲ, ਮਾਝੇ ਮਿਹਰ ਪੰਡਾਰੀ"

ਕੰਨੜ ਵਿਚ- "ਭਗਯਦਾ ਲਕਸ਼ਮੀ ਬ੍ਰਹਮਾ" ਆਦਿ ਭਜਨਾਂ ਦੀ ਲੰਬੀ ਸੂਚੀ ਵਿਚੋਂ ਇਹ ਕੁਝ ਬਹੁਤ ਮਸ਼ਹੂਰ ਸਨ। ਆਪ ਜੀ

੧੯੭੨-ਵਿਚ ਪਦਮ ਸ਼੍ਰੀ

੧੯੭੬-ਸੰਗੀਤ ਨਾਟਕ ਅਕਾਦਮੀ

੧੯੮੫-ਪਦਮ ਭੂਸ਼ਨ

੧੯੯੯-ਪਦਮ ਵਿਭੂਸ਼ਨ

੨੦੦੫-ਕਰਨਾਟਕਾ ਰਤਨ ਅਵਾਰਡ

੨੦੦੮-ਭਾਰਤ ਰਤਨ ਅਤੇ ਸਵਾਮੀ ਹਰੀਦਾਸ ਸਨਮਾਨ

੨੦੦੯-ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਫਿਲਮ ਜਗਤ ਵਿਚ ਵੀ ਆਪ ਦਾ ਵਿਸ਼ੇਸ਼ ਨਾਮ ਹੈ। ਫਿਲਮ 'ਬਸੰਤ-ਬਹਾਰ' ਵਿਚ ਮੰਨਾ ਡੇ ਦੇ ਨਾਲ ਪੰਡਿਤ ਜੀ ਨੇ ਇਕ ਯੁਗਤ ਗੀਤ ਗਾਇਆ।

"ਕੇਤਕੀ ਗੁਲਾਬ ਜੂਹੀ ਚੰਪਕ ਬੰਨ ਫੂਲੇ।"

ਜਲੰਧਰ ਹਰਿਬਲਭ ਸੰਗੀਤ ਸੰਮੇਲਨ ਵਿਚ ਆਪ ਕਈ ਸਾਲ ਆਂਦੇ ਰਹੇ। ਜਲੰਧਰ ਦੇ ਸੰਗੀਤ ਪ੍ਰੇਮੀਆਂ ਦੇ ਹਿਰਦਿਆਂ ਉਤੇ ਆਪ ਜੀ ਦੇ ਕਈ ਸੰਗੀਤ ਪ੍ਰੋਗਰਾਮਾਂ ਦੀਆਂ ਯਾਦਾਂ ਉਕਰੀਆਂ ਹੋਈਆਂ ਹਨ। ਜਲੰਧਰ ਵਾਸੀ ਆਪ ਜੀ ਦੇ ਇਸ ਘਾਟੇ ਨੂੰ ਬਹੁਤ ਹੀ ਦਿਲ ਨਾਲ ਮਹਿਸੂਸ ਕਰਦੇ ਸਨ।

ਭਾਰਤੀ ਸੰਗੀਤ ਜਗਤ ਵਿਚੋਂ ਆਪ ਦਾ ਜਾਣਾ ਇਕ ਵੱਡਾ ਖਲਾਅ ਪੈਦਾ ਕਰ ਗਿਆ ਹੈ।

ਨਾਦ-ਪੁੱਤਰ ਨਾਦ-ਬ੍ਰਹਮ ਵਿਚ ਲੀਨ ਹੋ ਗਿਆ ਹੈ। "ਮਿਲੇ ਸੁਰ ਮੇਰਾ ਤੁਮਾਰਾ" ਗਾਉਂਦੇ ਹੋਏ ਇਹ ਮਹਾਨ ਕਲਾਕਾਰ ਮਾਂ ਸਰਸਵਤੀ ਦੇ ਸੁਰ ਵਿਚ ਆਪਣਾ ਸੁਰ ਮਿਲਾ ਕੇ ਸਦਾ ਲਈ ਅਭੇਦ ਹੋ ਗਿਆ ਹੈ ਅਤੇ ਸਾਨੂੰ ਦੇ ਗਿਆ ਹੈ ਆਪਣੀ ਮਨਮੋਹਣੀ ਆਵਾਜ਼, ਜਿਸ ਵਿਚ ਉਹ ਸਦਾ-ਸਦਾ ਲਈ ਜੀਵਿਤ ਰਹਿਣਗੇ।

"ਜੋ ਪ੍ਰਭੂ ਕੋ ਭਜੇ ਸਦਾ
ਵੋ ਪਰਮਪਦ ਪਾਵੇਗਾ।"

*ਸੰਗੀਤ ਵਿਭਾਗ ਮੁੱਖੀ*
*ਐਚ. ਐਮ. ਵੀ., ਜਲੰਧਰ*

ਆਖਰੀ ਕਿਸ਼ਤ

# ਸ਼ਰਧਾਲੂ ਗੁਰਸਿੱਖ ਸੰਤ ਬਚਨ ਸਿੰਘ ਜੀ

*— ਸੰਤ ਸਿੰਘ*

੧੯੭੨ ਦਾ ਹੋਲਾ ਮੇਲਾ ਥਾਈਲੈਂਡ ਵਿਚ ਹੋਣਾ ਨੀਯਤ ਹੋਇਆ ਸੀ। ਭਾਰਤ ਵਿਚੋਂ ਬਹੁਤ ਸਾਰੀ ਸਾਧ ਸੰਗਤ ਇਸ ਮੇਲੇ ਤੇ ਉਚੇਚੇ ਤੌਰ ਤੇ ਗਈ ਸੀ। ਸੰਤ ਬਚਨ ਸਿੰਘ ਜੀ ਨੇ ਵੀ ਜਾਣ ਦਾ ਮਨ ਬਣਾਇਆ, ਉਨ੍ਹਾਂ ਦੀ ਧਰਮ ਪਤਨੀ ਮਾਤਾ ਜਾਗੀਰ ਕੌਰ ਨੇ ਵੀ ਸਾਥ ਦਿੱਤਾ। ਉਨ੍ਹਾਂ ਦੀ ਜ਼ਿੰਦਗੀ ਵਿਚ ਇਹ ਇਕ ਨਵਾਂ ਤੇ ਸੁਨਹਿਰੀ ਮੌਕਾ ਸੀ। ਭਾਰਤ ਵਿਚ ਤੇ ਇਹੋ ਜਿਹੇ ਉਤਸਵ ਹੁੰਦੇ ਹੀ ਰਹਿੰਦੇ ਸਨ ਪਰ ਕਿਸੇ ਬਾਹਰ ਦੇ ਮੁਲਕ ਵਿਚ ਇਸਦਾ ਅਨੰਦ ਮਾਣਨ ਦਾ ਹੀ ਨਹੀਂ ਸਗੋਂ ਇਕ ਨਵੇਂ ਮੁਲਕ ਦੀ ਸੈਰ ਦਾ ਵੀ ਆਕਰਸ਼ਨ ਸੀ। ਉਥੋਂ ਦੀ ਸਾਧ ਸੰਗਤ ਦਾ ਅਥਾਹ ਸੇਵਾ ਭਾਵ ਹਰ ਇਕ ਨੂੰ ਪ੍ਰਭਾਵਿਤ ਕਰ ਰਿਹਾ ਸੀ। ਸੰਤ ਬਚਨ ਸਿੰਘ ਜੀ ਨੂੰ ਇਥੇ



Namdhari Elibrary NamdhariElibrary@gmail.com

ਵੀ ਸਤਿਗੁਰੂ ਜੀ ਨੇ ਵਿਸ਼ੇਸ਼ ਸੇਵਾ ਦਾ ਪਾਤਰ ਬਣਾਈ ਰੱਖਿਆ ਤੇ ਆਪਣੇ ਨੇੜੇ ਹੀ ਰਹਿਣ ਸਹਿਣ ਦਾ ਬੰਦੋਬਸਤ ਕੀਤਾ। ਉਨ੍ਹਾਂ ਨੂੰ ਨਿਸ਼ਕਾਮ ਸੇਵਾ ਕਰਨ ਦਾ ਇਕ ਸਾਖ਼ਸ਼ਾਤ ਉਦਾਹਰਨ ਮਿਲਿਆ। ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤੇ ਉਨ੍ਹਾਂ ਤੋਂ ਵਰੋਸਾਈ ਸਾਧ ਸੰਗਤ ਤੋਂ ਬਲਿਹਾਰੇ ਜਾ ਕੇ ਹੀ ਉਨ੍ਹਾਂ ਦੀ ਸੇਵਾ ਸਤਿਕਾਰ ਦਾ ਸ਼ੁਕਰਾਨਾ ਕੀਤਾ ਜਾ ਸਕਦਾ ਸੀ।

ਸੰਤ ਬਚਨ ਸਿੰਘ ਜੀ ਜਿੱਥੇ ਸਿਹਤ ਕਰਕੇ ਤੰਦਰੁਸਤ ਸਨ, ਅੱਖਾਂ ਕਰਕੇ ਉਨੇ ਹੀ ਤਕਲੀਫ਼ ਵਿਚ ਸਨ। ਨਿਗਾਹ ਜੋ ਬਚਪਨ ਤੋਂ ਹੀ ਕਮਜ਼ੋਰ ਸੀ, ਵਧਦੀ ਉਮਰ ਨਾਲ ਹੋਰ ਵੀ ਕਮਜ਼ੋਰ ਹੁੰਦੀ ਗਈ ਅਤੇ ਅਖੀਰ ੧੯੬੭ ਵਿਚ ਸੱਜੀ ਅੱਖ ਦੀ ਨਜ਼ਰ ਪੂਰੀ ਤਰ੍ਹਾਂ ਚਲੀ ਗਈ। ਖੱਬੀ ਅੱਖ ਦੀ ਨਜ਼ਰ ਏਨੀ ਕੁ ਰਹੀ ਕਿ ਰਸਤਾ ਨਜ਼ਰ ਆ ਜਾਂਦਾ ਸੀ। ਅਖੀਰ ਮਈ ੧੯੮੯ ਵਿਚ ਰਹਿੰਦੀ ਖੂੰਹਦੀ ਨਜ਼ਰ ਵੀ ਚਲੀ ਗਈ। ਹੁਣ ਉਹ ਪੂਰੀ ਤਰਾਂ ਲਾਚਾਰ ਅਤੇ ਪਰਾਧੀਨ ਹੋ ਗਏ ਸਨ। ਕਿਸੇ ਦੀ ਮਦਦ ਤੋਂ ਬਗੈਰ ਕਿਤੇ ਵੀ ਆ ਜਾ ਨਹੀਂ ਸਕਦੇ ਸਨ। ਇਸਨੇ ਮਾਨਸਿਕ ਸੰਤੁਲਨ ਤੇ ਵੀ ਅਸਰ ਪਾਇਆ ਅਤੇ ਹੌਲੀ ਹੌਲੀ ਛੋਟੀਆਂ ਮੋਟੀਆਂ ਬੀਮਾਰੀਆਂ ਨੇ ਵੀ ਘੇਰਾ ਪਾ ਲਿਆ। ਹਰ ਪ੍ਰਕਾਰ ਦਾ ਸਹਾਰਾ ਸੁਪਤਨੀ ਜਾਗੀਰ ਕੌਰ ਦਾ ਹੀ ਸੀ। ਥੋੜ੍ਹਾ ਬਹੁਤ ਫੇਰਾ ਤੋਰਾ ਵੀ ਉਨ੍ਹਾਂ ਕਰਕੇ ਹੀ ਹੁੰਦਾ ਸੀ। ਹੁਣ ਬਹੁਤਾ ਸਮਾਂ ਭਜਨ ਬੰਦਗੀ ਵਿਚ ਹੀ ਲੰਘਦਾ। ਬਾਣੀ ਜਿੰਨੀ ਕੁ ਕੰਠ ਸੀ ਉਸਦਾ ਪਾਠ ਵੀ ਕਰ ਲੈਂਦੇ ਸਨ। ਪਰ ਜਿਸ ਇਨਸਾਨ ਨੇ ਸਾਰੀ ਜ਼ਿੰਦਗੀ ਖੂਬ ਦੌੜ ਭੱਜ ਵਿਚ ਗੁਜ਼ਾਰੀ ਹੋਵੇ, ਉਸਨੂੰ ਇਸ ਤਰ੍ਹਾਂ ਦੀ ਲਾਚਾਰ ਅਵਸਥਾ ਵਿਚ ਬੈਠ ਕੇ ਸਮਾ ਬਿਤਾਉਣਾ ਪਵੇ, ਇਸ ਨਾਲ ਮਨ ਵਿਚ ਕਾਹਲ ਅਤੇ ਬੇਚੈਨੀ ਨੇ ਥੋੜ੍ਹਾ ਅਸਰ ਤਾਂ ਕਰਨਾ ਹੀ ਸੀ। ਇਲਾਜ ਕੋਈ ਵੀ ਕੰਮ ਨਹੀਂ ਸੀ ਕਰ ਰਿਹਾ। ਡਾਕਟਰਾਂ ਅਨੁਸਾਰ ਅੱਖਾਂ ਨੂੰ ਖੂਨ ਪਹੁੰਚਾਉਣ ਵਾਲੀਆਂ ਨਾੜਾਂ ਸੁੱਕ ਗਈਆਂ ਸਨ। ਇਸ ਕਰਕੇ ਕੁਝ ਵੀ ਨਹੀਂ ਸੀ ਹੋ ਸਕਦਾ। ਹੌਲੀ ਹੌਲੀ ਮਨ ਵੀ ਮੰਨ ਗਿਆ ਅਤੇ ਹਾਲਾਤ ਨਾਲ ਸਮਝੌਤਾ ਕਰ ਲਿਆ। ਸਤਿਗੁਰੂ ਜੀ ਦਾ ਵੀ ਧੰਨਵਾਦ ਹੀ ਕੀਤਾ ਕਿ ਉਨ੍ਹਾਂ ਦੇ ਦੁਨਿਆਵੀ ਰੁਝੇਵੇਂ ਖਤਮ ਹੋ ਗਏ ਹਨ, ਅਤੇ ਹੁਣ ਸਾਰਾ ਸਮਾਂ ਸਤਿਗੁਰਾਂ ਦੇ ਚਰਨਾਂ ਨਾਲ ਜੁੜ ਕੇ ਨਾਮ ਸਿਮਰਨ ਕਰਨ ਲਈ ਹੀ ਹੈ। ਹਰ ਸਮੇਂ ਸਤਿਗੁਰੂ ਜੀ ਤੋਂ ਬਖ਼ਸ਼ਿਸ਼ ਮੰਗਣੀ ਅਤੇ ਅਰਦਾਸ ਕਰਨੀ ਕਿ ਸੱਚੇ ਪਾਤਸ਼ਾਹ ਉਨ੍ਹਾਂ ਨੂੰ ਆਪਣੀ ਰਜ਼ਾ ਵਿਚ ਚਲਣ ਦਾ ਬਲ ਬਖ਼ਸ਼ਣ।

ਸੰਨ ੧੯੯੨ ਵਿਚ ਆਪਣੇ ਜੀਵਨ ਸਾਥੀ ਦੇ ਵਿਛੋੜੇ ਮਗਰੋਂ ਸੰਤ ਬਚਨ ਸਿੰਘ ਜੀ ਨੂੰ ਇਕੱਲਾਪਨ ਮਹਿਸੂਸ ਹੋਣ ਲੱਗ ਗਿਆ। ਦਵਾਈਆਂ ਨਾਲ ਹੀ ਮੇਜ਼ ਭਰਿਆ ਰਹਿੰਦਾ। ਆਪਣੇ ਆਪ ਪਾਸਾ ਲੈਣਾ ਵੀ ਮੁਸ਼ਕਿਲ ਸੀ। ਸਤਿਗੁਰੂ ਆਪਣੇ ਸੇਵਕਾਂ ਦੇ ਹਲਤ ਪਲਤ ਦੇ ਰਾਖੇ ਹਨ। ਦਸੰਬਰ ੧੯੯੨ ਵਿਚ ਇਕ ਦਿਨ ਅਚਾਨਕ ਹੀ ਸਤਿਗੁਰੂ ਜਗਜੀਤ ਸਿੰਘ ਜੀ ਘਰ ਆ ਗਏ ਅਤੇ ਸਿੱਧੇ ਹੀ ਸੰਤ ਬਚਨ ਸਿੰਘ ਜੀ ਦੇ ਕਮਰੇ ਵਿਚ ਚਲੇ ਗਏ। ਉਨ੍ਹਾਂ ਦਾ ਹਾਲ ਚਾਲ ਪੁੱਛਿਆ। ਸਤਿਗੁਰੂ ਜੀ ਨੇ ਆਪਣਾ ਚਰਨ ਸੰਤ ਬਚਨ ਸਿੰਘ ਜੀ ਦੇ ਮੰਜੇ ਤੇ ਰੱਖਿਆ ਅਤੇ ਉਨ੍ਹਾਂ ਨੇ ਪ੍ਰੇਮ ਸਹਿਤ ਚਰਨ ਪਰਸੇ। ਮੇਰੇ ਛੋਟੇ ਭਾਈ ਡਾ. ਰਜਿੰਦਰ ਸਿੰਘ ਦੀ ਪਤਨੀ ਨੇ ਅਰਜ਼ ਕੀਤੀ ਕਿ ਇਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ ਅਤੇ ਇਹ ਆਪਣੇ ਆਪ ਪਾਸਾ ਵੀ ਨਹੀਂ ਲੈ ਸਕਦੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦਿਆਲ ਹੋ ਕੇ ਉਨ੍ਹਾਂ ਦੇ ਸਾਰੇ ਸਰੀਰ ਤੇ ਆਪਣਾ ਹਸਤ ਕਮਲ ਫੇਰਿਆ ਅਤੇ ਬਚਨ ਕੀਤਾ ਕਿ ਠੀਕ ਹੋ ਜਾਣਗੇ। ਸਤਿਗੁਰੂ ਜੀ ਦੇ ਜਾਣ ਤੋਂ ਬਾਅਦ ਕੁਝ ਦਿਨਾਂ ਵਿਚ ਹੀ ਸੰਤ ਬਚਨ ਸਿੰਘ ਜੀ ਤੁਰਨ ਫਿਰਨ ਲੱਗ ਪਏ ਅਤੇ ਸਾਰੀਆਂ ਦਵਾਈਆਂ ਛੁੱਟ ਗਈਆਂ। ਸੰਤ ਬਚਨ ਸਿੰਘ ਜੀ ਆਪਣੀ ਸਵੈ-ਜੀਵਨੀ ਵਿਚ ਆਪਣੇ ਅਨੁਭਵ ਇਸ ਤਰ੍ਹਾਂ ਦਸਦੇ ਹਨ।

– ਅੱਖਾਂ ਨਹੀਂ ਤੇ ਨਾ ਸਹੀ। ਅਕਾਲ ਪੁਰਖ ਦੇ ਚਰਨਾਂ ਵਿਚ ਧਿਆਨ ਜੋੜਨ ਵਾਸਤੇ ਇਹ ਕਮੀ ਸਗੋਂ ਲਾਹੇਵੰਦ ਹੈ। ਲੋਕ ਅੱਖਾਂ ਮੀਚ ਕੇ ਧਿਆਨ ਲਗਾਉਂਦੇ ਹਨ ਮੇਰੀਆਂ ਪ੍ਰਮਾਤਮਾ ਵੱਲੋਂ ਹੀ ਮਿਚ ਗਈਆਂ ਹਨ।

– ਸਾਧ ਸੰਗਤ ਦੇ ਦੀਵਾਨਾਂ ਵਿਚ ਜਾਣਾ ਬਹੁਤ ਸਹਾਇਕ ਹੁੰਦਾ ਹੈ ਪਹਿਲੀ ਅਵਸਥਾ ਵਿਚ ਕੀਰਤਨ ਬਹੁਤ ਪਿਆਰ ਤੇ ਅਸਰ ਵਾਲਾ ਹੁੰਦਾ ਹੈ। ਸਾਜ਼ਾਂ ਦੀ ਘਨਘੋਰ ਅਤੇ ਦਿਲ ਖਿੱਚਵੀਆਂ ਤਰਜ਼ਾਂ ਬਹੁਤ ਖਿੱਚ ਪਾਉਂਦੀਆਂ ਹਨ।

– ਨਾਮ ਸਿਮਰਨ ਇਕ ਬਹੁਤ ਉੱਚੀ ਅਵਸਥਾ ਦਾ ਕੰਮ ਹੈ। ਇਸਦਾ ਰਸ ਕਾਫ਼ੀ ਦੇਰ ਦੇ ਅਭਿਆਸ ਦੇ ਉਪਰੰਤ ਆਉਂਦਾ ਹੈ ਪਰ ਜਦੋਂ ਇਹ ਰਸ ਆਉਣ ਲਗ ਜਾਵੇ ਤਾਂ ਦੂਜੀਆਂ ਗੱਲਾਂ ਪਿਛੇ ਰਹਿ ਜਾਂਦੀਆਂ ਹਨ। ਇਥੋਂ ਤਕ ਕਿ ਹੋਰ ਕਿਸੇ ਕਿਸਮ ਦੀ ਆਵਾਜ਼ ਵੀ ਬੁਰੀ ਲਗਦੀ ਹੈ। ਸਤਿਗੁਰੂ ਕਿਰਪਾ ਕਰਨ ਨਿਤਨੇਮ ਇਕ ਮਨ ਇਕ ਚਿਤ ਨਾਲ ਹੌਲੀ ਹੌਲੀ ਹੋਵੇ ਜਿਸਨੂੰ ਕੰਨ ਬੜੇ ਧਿਆਨ ਨਾਲ ਸੁਣਨ ਅਤੇ ਸੁਰਤੀ ਸਤਿਗੁਰਾਂ ਦੇ ਚਰਨ ਕਮਲਾਂ ਵਿਚ ਹੋਵੇ ਤੇ ਇਸ ਤੋਂ ਵਧ ਸਵਾਦ ਹੋਰ ਕੋਈ ਨਹੀਂ ਰਹਿ ਜਾਂਦਾ।

– ਸੱਚ ਬੋਲਣ ਨਾਲ ਅਤੇ ਈਮਾਨਦਾਰੀ ਦੀ ਕਿਰਤ ਕਰਨ ਨਾਲ ਗਰੀਬੀ ਵਿਚ ਵੀ ਸੁਖ ਅਤੇ ਸ਼ਾਂਤੀ ਮਿਲਦੀ ਹੈ।

– ਦੁਖੀਆਂ ਲੋੜਵੰਦਾਂ ਤੇ ਦਇਆ ਕਰਨੀ ਅਤੇ ਉਨ੍ਹਾਂ ਦੀ ਮਦਦ ਕਰਨੀ ਇਕ ਬਹੁਤ ਉਤਮ ਕੰਮ ਹੈ।

– ਬਾਣੀ ਦੇ ਹਰੇਕ ਸ਼ਬਦ ਵਿਚ ਨਾਮ ਜਪਣ ਦੀ ਤਾਕੀਦ ਕੀਤੀ ਗਈ ਹੈ। ਹਰ ਵਕਤ ਸ਼ੁਭ ਚਿੰਤਨ, ਸ਼ੁਭ ਕਰਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਨ੍ਹਾਂ ਹੁਕਮਾਂ ਤੇ ਨਾ ਚਲਣ ਕਰਕੇ ਮਨੁੱਖਾ ਜਨਮ ਅਜਾਈਂ ਜਾਂਦਾ ਹੈ। ਕਿੰਨੇ ਹੀ ਅਣਗਿਣਤ ਸਵਾਸ ਦਿਨ ਮਹੀਨੇ ਅਤੇ ਸਾਲ ਅਜਾਈਂ ਗਵਾਏ ਹਨ। ਹੁਣ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਜਿੰਨੇ ਵੀ ਸਵਾਸ ਬਚਦੇ ਹਨ ਉਹ ਆਪਣੇ ਚਰਨਾਂ ਦੀ ਯਾਦ ਵਿਚ ਬਤੀਤ ਕਰਵਾਉਣ ਅਤੇ ਜੋ ਸੇਵਾ ਤਨੋਂ, ਮਨੋਂ, ਧਨੋਂ ਹੋ ਸਕਦੀ ਹੈ, ਕਰਵਾ ਲੈਣ।

– ਅੰਤ ਹਰੇਕ ਗਰੀਬ, ਅਮੀਰ ਦਾ ਹੋਣਾ ਹੈ। ਅੰਤ ਵੇਲੇ



Namdhari Elibrary NamdhariElibrary@gmail.com



ਸੰਤ ਬਚਨ ਸਿੰਘ

ਹੋਰ ਕਿਸੇ ਪਦਾਰਥ ਦੋਸਤ ਮਿੱਤਰ ਜਾਂ ਸੰਬੰਧੀਆਂ ਨੇ ਸਹਾਇਕ ਨਹੀਂ ਹੋ ਸਕਣਾ। ਸਿਰਫ ਗੁਰਮਤਿ ਅਨੁਸਾਰ ਨੇਕ ਕੰਮ ਅਤੇ ਭਜਨ ਬੰਦਗੀ ਨੇ ਹੀ ਕੰਮ ਆਉਣਾ ਹੈ।

– ਸਭ ਦੁਖ ਸੁਖ ਅਕਾਲ ਪੁਰਖ ਦੇ ਆਪਣੇ ਹੱਥ ਵਿਚ ਹਨ ਅਤੇ ਬਿਨ ਭਾਗ ਤੋਂ ਕਿਤੇ ਵੀ ਅਰਾਮ ਨਹੀਂ ਆਉਂਦਾ। ਜੇ ਸਤਿਗੁਰੂ ਦੀ ਰਜ਼ਾ ਹੋਵੇ ਤਾਂ ਛੋਟੇ ਤੋਂ ਛੋਟੇ ਇਲਾਜ ਨਾਲ ਵੀ ਵੱਡੇ ਤੋਂ ਵੱਡੇ ਰੋਗ ਤੋਂ ਛੁਟਕਾਰਾ ਮਿਲ ਸਕਦਾ ਹੈ।

– ਸਤਿਗੁਰੂ ਦੇ ਬਚਨਾਂ ਵਿਚ ਅਤੇ ਉਨ੍ਹਾਂ ਦੇ ਆਸਰੇ ਵਿਚ ਬਹੁਤ ਸ਼ਕਤੀ ਹੈ।

– ਅਕਾਲ ਪੁਰਖ ਦੀਆਂ ਕਰਨੀਆਂ ਬਾਰੇ ਅਕਾਲ ਪੁਰਖ ਆਪ ਹੀ ਜਾਣਦਾ ਹੈ ਇਸ ਲਈ ਅਕਾਲ ਪੁਰਖ ਸਭ ਤੋਂ ਉੱਚਾ ਸੁੱਚਾ ਅਤੇ ਸਮਰੱਥ ਹੈ। ਸਤਿਗੁਰੂ ਦੇ ਹੁਕਮ ਅਨੁਸਾਰ ਉਸਦੀ ਓਟ ਲੈਣ ਵਿਚ ਹੀ ਸਾਰੇ ਸੁਖ ਹਨ।

– ਨਾਮ ਸਿਮਰਨ ਸਭ ਤੋਂ ਜ਼ਰੂਰੀ ਅਤੇ ਪਹਿਲਾ ਇਨਸਾਨੀ ਫਰਜ਼ ਹੈ ਅਤੇ ਬਾਕੀ ਕਾਰ ਵਿਹਾਰ ਪਿਛੋਂ। ਇਸ ਪਾਸੇ ਲੱਗਣ ਵਾਸਤੇ ਦੇਹਧਾਰੀ ਸਤਿਗੁਰੂ ਦੀ ਅਤਿਅੰਤ ਲੋੜ ਹੈ। ਉਸ ਤੋਂ ਬਿਨਾਂ ਇਸ ਘੋਰ ਕਲਯੁਗ ਵਿਚ ਜੀਵ ਪ੍ਰਮਾਤਮਾ ਵਾਲੇ ਪਾਸੇ ਲਗ ਹੀ ਨਹੀਂ ਸਕਦਾ।

– ਬਾਣੀ ਅਤੇ ਸਿਮਰਨ ਦੋਵੇਂ ਜ਼ਰੂਰੀ ਹਨ। ਬਾਣੀ ਦਾ ਅਨੰਦ ਵੀ ਤਾਂ ਹੀ ਆਉਂਦਾ ਹੈ ਜੇ ਸਿਮਰਨ ਦਾ ਅਭਿਆਸ ਹੋਵੇ ਅਤੇ ਸਿਮਰਨ ਦਾ ਅਭਿਆਸ ਬਾਣੀ ਦੇ ਪੜ੍ਹਨ ਨਾਲ ਹੋਰ ਜ਼ਿਆਦਾ ਰਸੀਲਾ ਬਣਦਾ ਹੈ। ਸੁਚ ਸੋਧ ਦੀ ਮਰਿਯਾਦਾ ਇਸ ਪਾਸੇ ਬਹੁਤ ਸਹਾਇਕ ਹੈ।

ਸੰਤ ਬਚਨ ਸਿੰਘ ਜੀ ਦਾ ਇਕ ਵਿਸ਼ੇਸ਼ ਗੁਣ ਇਹ ਸੀ ਕਿ ਉਹ ਪ੍ਰਤੇਕ ਨਾਮਧਾਰੀ ਵਿਚ ਸਤਿਗੁਰੂ ਦਾ ਸਰੂਪ ਵੇਖਦੇ ਹਨ। ਸ਼ਿਮਲੇ ਰਹਿੰਦਿਆਂ ਹੋਇਆਂ ਸੰਤ ਜੀ ਆਪ ਭਾਵੇਂ ਨਾਮਧਾਰੀ ਲਿਬਾਸ ਵਿਚ ਨਹੀਂ ਸਨ ਰਹਿੰਦੇ ਪਰ ਜੇ ਕੋਈ ਨਾਮਧਾਰੀ ਗੁਰਸਿੱਖ ਸ਼ਿਮਲੇ ਦੀ ਸੈਰ ਕਰਨ ਲਈ ਆਉਂਦਾ ਤਾਂ ਆਪ ਖ਼ੁਦ ਉਸ ਕੋਲ ਜਾਂਦੇ, ਉਸਨੂੰ ਆਪਣੇ ਬਾਰੇ ਜਾਣਕਾਰੀ ਦੇ ਕੇ ਆਪਣੇ ਘਰ ਲਿਆ ਕੇ ਉਹਨਾਂ ਦੇ ਰਹਿਣ ਸਹਿਣ ਦਾ ਪੂਰਾ ਬੰਦੋਬਸਤ ਕਰਦੇ ਅਤੇ ਪੂਰੀ ਤਰ੍ਹਾਂ ਸੇਵਾ ਵੀ ਕਰਦੇ। ਇਸੇ ਤਰ੍ਹਾਂ ਕੁੱਲੂ ਰਹਿੰਦਿਆਂ ਹੋਇਆਂ ਉਹਨਾਂ ਨੂੰ ਇਕ ਵਾਰੀ ਇਕ ਸਹਿਜਧਾਰੀ ਸਿੱਖ ਜੋ ਕਿ ਸੰਤ ਮੋਹਨ ਸਿੰਘ ਜੀ ਦਾ ਸੇਵਕ ਸੀ ਨਾਲ ਭੇਟ ਹੋਈ ਤਾਂ ਪਤਾ ਲੱਗਾ ਕਿ ਉਹ ਪਿਛਲੇ ਦੋ ਦਿਨਾਂ ਤੋਂ ਛੋਲੇ ਚੱਬ ਕੇ ਗੁਜ਼ਾਰਾ ਕਰ ਰਿਹਾ ਹੈ ਕਿਉਂਕਿ ਉਹ ਬਾਹਰ ਦਾ ਕੁਝ ਨਹੀਂ ਸੀ ਖਾਂਦਾ। ਸੰਤ ਜੀ ਖ਼ੁਦ ਉਸ ਕੋਲ ਗਏ ਤੇ ਨਾਲ ਘਰ ਲੈ ਕੇ ਆਏ; ਉਸਦੀ ਪ੍ਰਸਾਦੇ ਪਾਣੀ ਨਾਲ ਅਤੇ ਹੋਰ ਵੀ ਯਥਾ ਸ਼ਕਤ ਸੇਵਾ ਕੀਤੀ।



ਲੇਖਕ ਸੰਤ ਸਿੰਘ

ਸੋ ਸਤਿਗੁਰੂ ਪੂਰਾ ਮੇਰੇ ਨਾਲ ਹੈ

ਜਿਥੇ ਕਿਥੇ ਮੈਨੂੰ ਲਏ ਛੁਡਾਈ ॥

ਸਤਿਗੁਰੂ ਦੀ ਸ਼ਰਨ ਵਿਚ ਆ ਕੇ ਸਾਧਾਰਨ ਜੀਵ ਦੇ ਮਨ ਵਿਚ ਪਰਿਵਰਤਨ ਆ ਜਾਂਦਾ ਹੈ ਉਹ ਦੁਨੀਆ ਦੀ ਚਟਕ-ਮਟਕ ਤੋਂ ਉਪਰਾਮ ਹੋ ਜਾਂਦਾ ਹੈ ਅਤੇ ਸਤਿਗੁਰੂ ਨੂੰ ਹਰ ਸਮੇਂ ਹਾਜ਼ਰ ਨਾਜ਼ਰ ਸਮਝਦਾ ਹੈ। ਹਰ ਗਲਤ ਕੰਮ ਯਾ ਔਗੁਣ ਤੋਂ ਬਚਣਾ ਸ਼ੁਰੂ ਕਰ ਦਿੰਦਾ ਹੈ ਕਿਉਂਕਿ ਉਸਨੂੰ ਭਰੋਸਾ ਹੋ ਜਾਂਦਾ ਹੈ ਉਸਦਾ ਸਤਿਗੁਰੂ ਉਸਦੇ ਹਰ ਕਰਮ ਨੂੰ ਵੇਖ ਰਿਹਾ ਹੈ। ਇਸ ਤਰ੍ਹਾਂ ਜੀਵ ਦੀ ਜ਼ਿੰਦਗੀ ਵਿਚ ਇਮਾਨਦਾਰੀ ਅਤੇ ਹਰ ਇਕ ਦਾ ਭਲਾ ਕਰਨ ਦੀ ਤੀਬਰ ਇੱਛਾ ਹੋ ਜਾਂਦੀ ਹੈ। ਜੀਵ ਆਪਣੇ ਜੀਵਨ ਨੂੰ ਸਤਿਗੁਰੂ ਦੀ ਮਰਯਾਦਾ ਨੂੰ ਧਾਰਨ ਕਰਕੇ ਆਪਣੇ ਅਮੋਲਕ ਜੀਵਨ ਨੂੰ ਸਫ਼ਲਤਾ ਦੇ ਪੱਥ ਤੇ ਵਧਦਾ ਜਾਂਦਾ ਹੈ।

ਸੰਤ ਬਚਨ ਸਿੰਘ ਜੀ ਨੇ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ ਬਣ ਕੇ ਜੀਵਨ ਬਿਤਾਇਆ। ਸਰਕਾਰੀ ਨੌਕਰੀ ਵਿਚ ਪੂਰਨ ਈਮਾਨਦਾਰੀ ਅਤੇ ਦਸਾਂ ਨਹੁੰਆਂ ਦੀ ਕਿਰਤ ਤੇ ਹੀ ਭਰੋਸਾ ਰਖਿਆ। ਸਤਿਗੁਰੂ ਜੀ ਨੂੰ ਕਦੇ ਵੀ ਨਹੀਂ ਵਿਸਾਰਿਆ। ਨਾਮਧਾਰੀ ਸਾਧ ਸੰਗਤ ਦੀ ਵੀ ਭਰਪੂਰ ਸੇਵਾ ਕੀਤੀ। ਆਪਣੀ ਨੌਕਰੀ ਵਿਚ ਵੀ ਨਾਮਧਾਰੀਆਂ ਨੂੰ ਵੱਧ ਤੋਂ ਵੱਧ ਕੰਮ ਦੇ ਕੇ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕੀਤਾ। ਨੇਤਰਹੀਣਤਾ ਦੇ ਸਮੇਂ ਆਪਣਾ ਮਨ ਦੁਨਿਆਵੀ ਉਲਝਣਾਂ ਤੋਂ ਹਟਾ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਬਿਤਾਉਣਾ। ਜਿੰਨੀ ਗੁਰਬਾਣੀ ਕੰਠ ਸੀ ਉਸਦਾ ਪਾਠ ਰੋਜ਼ ਕਰਨਾ ਅਤੇ ਬਾਕੀ ਦਾ ਸਮਾਂ ਨਾਮ ਸਿਮਰਨ ਵਿਚ ਬਿਤਾਉਣਾ। ਦਸੰਬਰ ੧੯੯੨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦੇ ਸਾਰੇ ਦੁੱਖ ਦੂਰ ਕਰ ਦਿੱਤੇ। ਸਾਰੀਆਂ ਦਵਾਈਆਂ ਤੋਂ ਛੁਟਕਾਰਾ ਮਿਲ ਗਿਆ। ਬਾਕੀ ਦੇ ਰਹਿੰਦੇ ਤਿੰਨ ਸਾਲ ਕਿਸੇ ਵੀ ਸਰੀਰਕ ਦੁੱਖ ਨੇ ਨਹੀਂ ਸਤਾਇਆ। ਆਖ਼ਰੀ ਦਿਨ ਵੀ ਮੇਰਾ ਛੋਟਾ ਭਰਾ ਡਾ. ਰਜਿੰਦਰ ਸਿੰਘ ਆਪਣੇ ਪਿਤਾ ਨੂੰ ਥੋੜ੍ਹਾ ਭੋਜਨ ਛਕਾ ਕੇ ਆਪਣੇ ਕੰਮ ਤੇ ਪਹੁੰਚਿਆ ਹੀ ਸੀ ਕਿ ਪਿੱਛੇ ਟੈਲੀਫੋਨ ਚਲਾ ਗਿਆ ਕਿ ਪਿਤਾ ਜੀ ਚੜ੍ਹਾਈ ਕਰ ਗਏ ਹਨ। ਇਸ ਤਰ੍ਹਾਂ ੯੯ ਸਾਲ ਅਤੇ ਇਕ ਮਹੀਨੇ ਦੀ ਆਯੂ ਭੋਗ ਕੇ ਸੰਤ ਬਚਨ ਸਿੰਘ ਜੀ ੨੭-੦੯-੧੯੯੫ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਆਪ ਜੀ ਦੀ ਅੰਤਮ ਅਰਦਾਸ ਦਾ ਮੇਲਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ੨-੧੦-੧੯੯੫ ਨੂੰ ਕੀਤਾ ਗਿਆ।


Namdhari Elibrary NamdhariElibrary@gmail.com

# ਦਾਰ ਜੀ-ਸਾਡੇ ਵੇਹੜੇ

*—ਸਾਧੂ ਸਿੰਘ ਕਿਸਾਨ*



ਢੋਲ ਚਰੱਕਲੀ ਇੰਜ ਮਿਲਨ, ਜਿਉਂ ਮਿਲਦੇ ਸਹਿਜ-ਵਿਚਾਰ (ਜਿੱਥੇ ਵਿਚਾਰਾਂ ਦੀ ਨੇੜਤਾ ਹੋਵੇ ਓਥੇ ਉਮਰਾਂ ਦੇ ਪੌਂਡੇ ਰੁਕਾਵਟ ਨਹੀਂ ਬਣਦੇ)

ਮੈਂ ਰੇਲਵੇ ਬੁੱਕ ਸਟਾਲ ਤੋਂ ਲੈ ਕੇ ਪ੍ਰੀਤ ਲੜੀ ਪੜ੍ਹੀ ਤੇ ਬਾਪੂ ਜੀ ਨੂੰ ਸੁਣਾਈ। ਬਾਪੂ ਜੀ ਨੇ ਦਾਰ ਜੀ ਦੀਆਂ ਲਿਖਤਾਂ ਸੁਣ ਕੇ-ਪੜ੍ਹ ਕੇ ਆਤਮ ਸਾਤ ਕਰ ਲਈਆਂ। ਦਾਰ ਜੀ ਦੀ ਸ਼ਬਦਾਵਲੀ ਏਨੀ ਪਸੰਦ ਆਈ, ਕਈ ਫ਼ਿਕਰੇ ਸੁਤੇ ਸਿੱਧ ਗੁਣਗੁਣਾਉਂਦਿਆਂ ਰਹਿਣਾ। ਲੈਲਾ ਨੂੰ ਰਾਤ ਦਾ ਮੋਤੀ ਕਹਿਣਾ ਬਾਪੂ ਜੀ ਨੂੰ ਬੜਾ ਅਲੋਕਾਰ ਲੱਗਾ। ਤਦੋਂ ਈ ਮੈਨੂੰ ਪ੍ਰੀਤ ਮਿਲਣੀ 'ਚ ਭੇਜਿਆ।

ਕਈ ਵਰ੍ਹੇ ਬਾਦ, ਪ੍ਰੀਤ ਨਗਰ ਆਪ ਜਾ ਕੇ ਲੰਮੀ ਕਵਿਤਾ-'ਸੋਰਠ ਬੀਜਾ' ਸੁਣਾਈ। ਦਾਰ ਜੀ ਨੇ ਸਾਰੇ ਸਫ਼ੇ ਬੜੇ ਧੀਰਜ ਨਾਲ ਸੁਣੇ। ਅਤੇ ਕਿੱਸਾ ਛਪਣ ਤੇ ਭੂਮਿਕਾ ਲਿਖ ਦਿੱਤੀ। ਉਹ ਭੂਮਿਕਾ ਏਥੇ ਦੇਣ ਦਾ ਲਾਲਚ-ਮੇਰੇ ਤੇ ਹਾਵੀ ਹੋ ਗਿਐ-

"ਤਰਨ ਸਿੰਘ ਜੀ ਪਿਆਰ ਮਤਵਾਲੇ ਕਵੀ ਹਨ। ਧਾਰਮਿਕ ਅਤੇ ਬਿਬੇਕੀ ਹੁੰਦੇ ਹੋਏ ਰੰਗੀਲੀਆਂ ਰੁਚੀਆਂ ਦੇ ਮਾਲਕ ਹਨ। ਦੋ ਕੁ ਵਰ੍ਹੇ ਹੋਏ ਇਹ ਮੈਨੂੰ ਮਿਲਣ ਆਏ ਤੇ 'ਸੋਰਠ ਬੀਜੇ' ਤੇ 'ਇੱਛੋ ਪੂਰਨ ਚੰਦ' ਦੀਆਂ ਪਿਆਰ ਕਹਾਣੀਆਂ, ਇਨਾਂ ਨੇ ਮੈਨੂੰ ਅਨੋਖੇ ਪ੍ਰੇਮ ਰੰਗ ਵਿਚ ਸੁਣਾਈਆਂ। 'ਇੱਛੋ ਪੂਰਨ ਚੰਦ' ਦੀ ਕਹਾਣੀ ਤਾਂ ਇਨ੍ਹਾਂ ਦੇ ਆਪਣੇ ਜ਼ਿਲ੍ਹੇ ਤੇ ਸਥਾਨ ਦੀ ਕਹਾਣੀ ਹੈ। ਪਿਆਰ ਦੀ ਵੇਦੀ ਉਤੇ-ਦੋ ਖਿੰਨ-ਚਿੱਤਾਂ ਦੀ ਦਰਦਨਾਕ ਕੁਰਬਾਨੀ ਦੀ ਵਾਰਤਾ ਹੈ। ਪਰ 'ਸੋਰਠ ਬੀਜੇ' ਦੀ ਕਹਾਣੀ ਇਨ੍ਹਾਂ ਨੇ ਇਕ ਉੱਚੇ ਸੰਤ ਦੇ ਮੂੰਹੋਂ ਸੁਣ ਕੇ ਲਿਖੀ ਹੈ। ਇਸ ਦੇ ਸੰਬੰਧ ਵਿਚ ਕੋਈ ਪ੍ਰਮਾਣਿਕ ਕਿੱਸਾ ਢੂੰਢਣ ਉਤੇ ਵੀ ਇਨ੍ਹਾਂ ਨੂੰ ਨਹੀਂ ਮਿਲਿਆ।

ਮੈਂ ਇਨ੍ਹਾਂ ਨਾਲ ਇਕਰਾਰ ਕੀਤਾ ਸੀ ਕਿ ਜੇ ਇਸ ਕਹਾਣੀ ਦਾ ਪ੍ਰਮਾਣ ਮੈਨੂੰ ਮਿਲ ਗਿਆ ਤਾਂ ਮੈਂ ਪ੍ਰੀਤ ਲੜੀ ਵਿਚ ਇਨ੍ਹਾਂ ਦੀ ਇਹ ਰੋਚਿਕ ਰਚਨਾ ਛਾਪ ਦੇਵਾਂਗਾ। ਸ਼ਹਿਜ਼ਾਦੀ 'ਸੋਰਠ' ਕੋਮਲ ਇਸਤਰੀ ਚਿੱਤ ਦਾ ਮੁਜੱਸਮਾ ਹੈ। 'ਬੀਜੇ' ਦਾ ਸ਼ਹਿਜ਼ਾਦੀ ਦੀ ਸੂਰਤ ਦੇਖ ਕੇ ਆਸ਼ਕ ਹੋ ਜਾਣਾ,-ਜ਼ਿੰਦਗੀ ਦੀ ਅਸਾਧਾਰਨ ਘਟਨਾ ਨਹੀਂ। ਆਪਣੀ ਇਸਤ੍ਰੀ ਨੂੰ ਛੱਡ ਕੇ ਫ਼ਕੀਰ ਹੋ ਜਾਣਾ ਵੀ ਕੋਈ ਅਨੋਖੀ ਘਟਨਾ ਨਹੀਂ। ਪਰ ਇਕ ਸ਼ਹਿਜ਼ਾਦੀ ਦਾ ਆਪਣੀ ਮਿਹਤ੍ਰਾਣੀ ਨਾਲ ਮਿੱਤ੍ਰਤਾ ਦੀ ਹੱਦ ਤੱਕ ਪਹੁੰਚੀ ਮਿਹਰਬਾਨੀ ਦਾ ਰਿਸ਼ਤਾ ਬੜੀ ਸੋਭਨੀਆ ਆਤਮਾ ਦੀ ਸੂਚਨਾ ਹੈ ਅਤੇ ਸਿਰਫ ਆਪਣੇ ਪ੍ਰੇਮੀ ਦੇ ਪ੍ਰੇਮ ਦੀ ਕਦਰ ਕਰਨ ਲਈ-ਉਸਨੂੰ ਮਿਲਣ ਜਾਣ ਦਾ ਢੰਗ ਕੱਢਣਾ, ਅਤੇ ਉਸਦੇ ਇਸਤ੍ਰੀ ਪ੍ਰੇਮ ਨੂੰ-ਰੱਬੀ ਪ੍ਰੇਮ ਵਿਚ ਬਦਲ ਦੇਣਾ-ਸਹਿਜ ਪ੍ਰੀਤ ਦਾ ਕ੍ਰਿਸ਼ਮਾ ਹੈ।



ਮੈਂ ਇਹ ਕਹਾਣੀ ਪ੍ਰੀਤ ਲੜੀ ਵਿਚ ਇਸ ਲਈ ਨਹੀਂ ਛਾਪ ਸਕਿਆ, ਕਿ ਭਾਈ ਸਾਹਿਬ ਕਾਨ੍ਹ ਸਿੰਘ ਜੀ ਦੇ ਕੋਸ਼ ਵਿਚ-'ਸੋਰਠ ਬੀਜੇ' ਬਾਰੇ ਮੈਂ ਇਸ ਤਰ੍ਹਾਂ ਲਿਖਿਆ ਪੜ੍ਹਿਆ-ਸੁਰਾਸ਼ਟਰ (ਕਾਠੀਆਵਾੜ) ਦੀ ਵਸਨੀਕ ਇਕ ਰਾਜਪੂਤ ਕੰਨਿਆ 'ਸੋਰਠ' ਸੀ। ਜਿਸ ਦਾ ਪ੍ਰੇਮ 'ਬੀਜੇ' ਨਾਮਕ ਸੁੰਦਰ ਮਨੁੱਖ ਨਾਲ ਸੀ। ਇਨ੍ਹਾਂ ਨੇ ਅਨੇਕ ਦੁੱਖ ਅਤੇ ਬਿਪਤਾਵਾਂ ਦੇ ਹੁੰਦਿਆਂ ਆਪਣਾ ਸੱਚਾ ਪ੍ਰੇਮ ਤੋੜ ਨਿਭਾਇਆ।

ਭਾਈ ਕਾਨ੍ਹ ਸਿੰਘ ਜੀ ਦਾ ਲਿਖਿਆ, ਤਰਨ ਸਿੰਘ ਜੀ ਦੇ ਇਕ ਖ਼ਿਆਲ ਦੀ ਪੁਸ਼ਟੀ ਕਰਦਾ ਹੈ। ਜੋ ਗਿਆਨੀਆਂ ਨੇ 'ਢੋਲ-ਸੰਮੀ' ਲਿਖੇ ਹਨ, ਉਹ ਨਹੀਂ ਹਨ-ਅਤੇ ਆਪਣੇ ਵਿਚ ਸੁੰਗੜ ਕੇ ਮੁੱਕ ਜਾਂਦਾ ਹੈ। ਕਿਉਂਕਿ ਜਿਸ ਕਹਾਣੀ ਦਾ ਕਰਤਾ ਅਤੇ ਸਾਰਾ ਕਿੱਸਾ ਨਹੀਂ ਉਸ ਬਾਬਤ ਲਿਖਿਆ ਬੋਲਿਆ ਕੁੱਝ ਨਹੀਂ ਜਾ ਸਕਦਾ। 'ਹੁਣ ਤਰਨ ਸਿੰਘ ਜੀ ਨੇ ਆਪਣੀ' ਰਚਨਾ ਪ੍ਰਕਾਸ਼ਿਤ ਕਰਕੇ ਮੈਨੂੰ ਭੇਟ ਕੀਤੀ ਹੈ। ਮੈਂ ਇਸ ਪਿਆਰ ਭੇਟ ਲਈ ਇਨ੍ਹਾਂ ਦਾ ਧੰਨਵਾਦੀ ਹਾਂ। ਭਾਵੇਂ 'ਸੋਰਠ-ਬੀਜੇ' ਦੀ ਆਪਣੀ ਕਹਾਣੀ ਕਿਸੇ ਤਰ੍ਹਾਂ ਦੀ ਵੀ ਹੋਵੇ, ਮੈਂ ਤਰਨ ਸਿੰਘ ਜੀ ਦੀ ਪ੍ਰੇਮੀਆਂ ਲਈ ਦਿਲੀ ਸ਼ਰਧਾ ਦੀ ਪ੍ਰਸੰਸਾ ਕਰਦਾ ਹਾਂ, ਅਤੇ ਉਹਨਾਂ ਦੇ ਪ੍ਰਯਤਨ ਦੀ ਸਫਲਤਾ ਲਈ ਸ਼ੁਭ ਇਛਾਵਾਂ ਭੇਟ ਕਰਦਾ ਹਾਂ।

*ਗੁਰਬਖਸ਼ ਸਿੰਘ*

*ਪ੍ਰੀਤ ਨਗਰ ੧੨-੩-੬੨*



Namdhari Elibrary NamdhariElibrary@gmail.com

ਪ੍ਰੀਤਲੜੀ ਦਾ ਇਕ ਅੰਕ (ਸ਼ਾਇਦ ਪਹਿਲਾ) ਵੇਖ ਕੇ ਪੜ੍ਹ ਕੇ-ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਉਚੇਚੇ ਇਹਨਾਂ ਨੂੰ ਮਿਲਣ ਪਹੁੰਚੇ। ਦਾਰ ਜੀ ਸੈਰ ਕਰਨ ਬਾਹਰ ਖੇਤਾਂ ਵਲ ਗਏ ਹੋਏ ਸਨ। ਸੁਨੇਹਾ ਮਿਲਿਆ: ਇਕ ਧਾਰਮਕ ਮਹਾਂਪੁਰਖ ਮਿਲਣ ਵਾਸਤੇ ਆਏ ਹਨ। ਸੋਚਣ ਲੱਗ ਪਏ-ਕੋਈ ਭਾਰੀ ਭਰਕਮ ਵਿਅਕਤੀ ਕੁਰਸੀ ਤੇ ਪਸਰਿਆ ਬੈਠਾ ਹੋਵੇਗਾ ਕਿ ਮੈਂ ਓਹਦੇ ਅੱਗੇ ਵਿੱਛ ਜਾਵਾਂ। ਜੋ ਕਿ ਮੇਰੇ ਜੀਵਨ ਮਿਸ਼ਨ ਦੇ ਅਸਲੋਂ ਉਲਟ ਏ।

ਦਫ਼ਤਰ ਨੇੜੇ ਔਂਦਿਆਂ ਨੂੰ, ਸਤਿਗੁਰੂ ਜੀ ਹੱਸ ਮੁਖੜੇ-ਕਾਹਲੇ ਕਦਮੀਂ ਦਾਰ ਜੀ ਵੱਲ ਅਗੋਂ ਵਾਲੀ ਹੋ ਮਿਲੇ। ਦੋਹਾਂ ਮਿਲ ਕੇ ਪ੍ਰਸਪਰ ਪਿਆਰ ਵਾਰਤਾਲਾਪ ਕੀਤਾ। ਵੰਡਾਰੇ ਬਾਅਦ ਸਤਿਗੁਰੂ ਜੀ ਸੋਚਦੇ ਰਹੇ, ਸ. ਪ੍ਰੀਤ ਲੜੀ ਨੂੰ-ਜੀਵਨ ਨਗਰ ਦਾ ਗੇੜਾ ਲਵਾਇਆ ਜਾਇ, ਜੋ ਕਈ ਕਾਰਨਾ ਕਰਕੇ ਨਾ ਹੋ ਸਕਿਆ।

ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉੱਦਮ ਕੀਤਾ। ਦਾਰ ਜੀ ਨਾਲ ਨਵਤੇਜ ਸਿੰਘ, ਪ੍ਰੀਤਮ ਸਿੰਘ ਜੀ ਕਵੀ, ਪ੍ਰੀਤਮ ਸਿੰਘ ਜੀ ਨਵਯੁੱਗ, ਜਗਦੀਸ਼ ਸਿੰਘ ਵਰਿਆਮ, ਦਾਰ ਜੀ ਦੀ ਪੁੱਤਰੀ ਓਮਾ, ਸਣੇ ਗੱਡੀ ਭੇਜ ਕੇ ਸੰਨ ੧੯੭੬ ਦੇ ਗਿਆਰਵੇਂ ਮਹੀਨੇ ਏਸ ਇਲਾਕੇ 'ਚ ਲਿਆਏ। ਜੀਵਨ ਨਗਰੋਂ ਹੋ ਕੇ ਮਸਤਾਨਗੜ੍ਹ ਪਹੁੰਚੇ ਤਾਂ ਕਵੀ ਜੀ ਨੇ ਸੁਝਾ ਦਿੱਤਾ-ਕਿ ਜੇ ਵਹਿਮੀ ਜੀ ਕੋਲ ਜਾ ਸੱਕੀਏ ਤਾਂ ਓਹ ਬੜੇ ਪ੍ਰਸੰਨ ਹੋਣਗੇ।

ਜਦੋਂ ਸਾਡੇ ਘਰ ਆਏ-ਮੈਂ ਤਾਂ ਕਾਰਨਵੱਸ ਗੈਰ-ਹਾਜ਼ਰ ਸਾਂ, ਪਰਿਵਾਰ ਨੇ ਬਹੁਤ ਆਦਰ ਸਨੇਹ ਕੀਤਾ। ਬਾਪੂ ਜੀ ਸਾਰਿਆਂ ਨੂੰ ਗਲਵੱਕੜੀ ਪਾ ਕੇ ਮਿਲੇ। ਦਾਰ ਜੀ, ਨਵਤੇਜ ਸਿੰਘ ਅਤੇ ਆਰਸੀ ਨੇ ਪਾਇਆ ਹੋਇਆ ਮੱਖਣ ਕਢਾ ਕੇ ਲੱਸੀ ਪੀ ਲਈ। ਧਾਰਮਿਕ-ਸਾਹਿਤਿਕ-ਪ੍ਰਵਾਰਿਕ ਆਦਿ ਅਨੇਕ ਵਿਸ਼ਿਆਂ ਤੇ ਗੱਲ ਬਾਤ ਚੱਲਦੀ ਰਹੀ। ਵਿਦਿਆ ਕਰਨ ਲੱਗਿਆਂ-ਨੇਤਰ ਜੋਤ ਵਿਹੂਣੇ ਹੋਂਦਿਆਂ ਵੀ ਬਾਪੂ ਜੀ ਉੱਠ ਕੇ ਖੜੋ ਗਏ। ਕੋਲ ਦੇ ਜੀਆਂ ਨੂੰ ਆਖਿਆ-ਗੱਡੀ ਤੱਕ ਨਾਲ ਜਾ ਕੇ ਵਿਦਿਆ ਕਰੋ! ਦਾਰ ਜੀ ਨੇ ਖੁਸ਼ੀ ਭਰੇ ਉਮਾਹ ਨਾਲ ਆਖਿਆ-ਓ ਵਹਿਮੀ ਜੀ! ਤੁਸੀਂ ਤਾਂ ਭਾਰਤੀ ਸੰਸਕ੍ਰਿਤੀ ਦਾ ਅਨਮੋਲ ਖਜ਼ਾਨਾ ਸਾਂਭੀ ਬੈਠੇ ਓ!

ਪ੍ਰੀਤ ਨਗਰ ਪੁੱਜ ਕੇ, ਦਾਰ ਜੀ ਨੇ ਇਕ ਚਿੱਠੀ ਸਤਿਗੁਰੂ ਜੀ ਨੂੰ ਸ਼ਾਬਾਰ ਭੇਟ ਕੀਤੀ-ਇਕ ਵਹਿਮੀ ਜੀ ਨੂੰ ਪਿਆਰ ਪੱਤਰ ਭੇਜਿਆ-

"ਮੇਰੇ ਪਿਆਰੇ ਸੰਤ ਤਰਨ ਸਿੰਘ ਜੀ! ਆਪ ਦੇ ਦਰਸ਼ਨ ਕਰਕੇ ਬੜੀ ਖੁਸ਼ੀ ਹੋਈ। ਮੈਂ ਕਵੀ ਪ੍ਰੀਤਮ ਸਿੰਘ ਹੁਰਾਂ ਦਾ ਬੜਾ ਧੰਨਵਾਦੀ ਹਾਂ ਕਿ ਉਹਨਾਂ ਮੈਨੂੰ ਆਪ ਦਾ ਪਤਾ ਦਿੱਤਾ ਤੇ ਮੈਨੂੰ ਆਪ ਦੇ ਪਾਸ ਲੈ ਵੀ ਗਏ। ਆਪ ਨੇ ਆਪਣੀ ਅਮੋਲਕ ਰਚਨਾ ਦੀਆਂ ਤਿੰਨ ਸੈਂਚੀਆਂ ਮੈਨੂੰ ਦਿੱਤੀਆਂ। ਆਪ ਦੀ ਬੜੀ ਮੇਹਰਬਾਨੀ। ਮੈਂ ਇਹਨਾਂ ਸੈਂਚੀਆਂ ਦੇ ਕਈ ਭਾਗ ਪੜ੍ਹੇ ਹਨ। ਆਪ ਦੀ ਲਗਨ ਤੇ ਮੇਹਨਤ ਦੀ ਦਾਦ ਦਿੰਦਾ ਹਾਂ। ਏਡਾ ਵੱਡਾ ਕਾਰਜ ਆਪ ਨੇ ਬੜੀ ਸੁਘੜਤਾ ਨਾਲ ਨੇਪਰੇ ਚਾੜ੍ਹਿਆ ਹੈ। ਮੈਂ ਆਪ ਨੂੰ ਵਧਾਈ ਦਿੰਦਾ ਹਾਂ। ਤੇ ਆਪ ਦੇ ਨੇਤਰ ਚੰਗੇ ਬਣ ਜਾਣ ਲਈ ਅਰਦਾਸ ਕਰਦਾ ਹਾਂ। ਸਾਧੂ ਸਿੰਘ ਜੀ ਨੂੰ ਮੇਰਾ ਪਿਆਰ ਦੇਣਾ। ਮੇਰੀ ਪੁਤਰੀ 'ਓਮਾ' ਵੀ ਸਤਿਕਾਰ ਭੇਟ ਕਰਦੀ ਹੈ। ਆਪ ਦਾ ਸ਼ੁਭਚਿੰਤਕ-ਗੁਰਬਖਸ਼ ਸਿੰਘ ਪ੍ਰੀਤਲੜੀ

ਮੈਂ ਉਸ 'ਪ੍ਰੀਤ ਮਿਲਣੀ' ਦਾ ਹੀ ਦਾਰ ਜੀ ਨੂੰ ਮਿਲਿਆ ਸਾਂ, ਪੱਚੀ-ਤੀਹ ਵਰ੍ਹੇ ਪੁਰਾਣਾ ਮੇਲ ਦਾਰ ਜੀ ਨੇ ਚਿੱਠੀ 'ਚ ਸਾਕਾਰ ਕਰ ਦਿੱਤਾ।

ਮੈਨੂੰ ਬਾਪੂ ਜੀ ਨੇ ਦੱਸਿਆ ਸੀ-ਜਦੋਂ ਮੈਂ 'ਸੋਰਠ ਬੀਜੇ' ਦੀ ਲੰਮੀ ਕਵਿਤਾ ਸੁਣਾਈ, ਤਦੋਂ ਹੀ ਮੈਂ ਸਲਾਹ ਪੁੱਛੀ-ਕਈ ਮੈਨੂੰ ਆਂਹਦੇ ਨੇ-ਤੇਰੀ ਲਿਖਤ ਸ਼ੈਲੀ ਦੀ ਚੰਗੀ ਤਰ੍ਹਾਂ ਸਮਝ ਨਹੀਂ ਔਂਦੀ, ਇਸ ਨੂੰ ਥੋੜ੍ਹਾ ਬਦਲ ਕੇ, ਸੁਧਾਰ ਕੇ ਲਿਖ। ਦੱਸੋ! ਮੈਂ ਕੀ ਕਰਾਂ? ਓਹਨਾਂ ਆਖਿਆ ਨਾ-ਨਾ ਵਹਿਮੀ ਜੀ! ਸ਼ੈਲੀ ਸੁਧਾਰਨ ਦੇ ਚੱਕਰ 'ਚ ਨਾ ਪਿਆ ਜੇ-ਜਿਨੂੰ ਲੋੜ ਹੋਵੇਗੀ ਆਪੇ ਸਮਝ ਲਏਗਾ। ਮੇਰੇ ਨਾਲ ਵੀ ਏਸੇ ਤਰ੍ਹਾਂ ਹੋਇਆ ਸੀ-ਮੈਨੂੰ ਵੀ ਸਲਾਹਾਂ ਦਿੱਤੀਆਂ ਗਈਆਂ, ਪਰ ਅੱਜ ਲੋਕ ਆਪੇ ਈ ਸਮਝਣ ਲੱਗ ਪਏ ਨੇ।

ਏਥੇ ਮੈਨੂੰ ਪ੍ਰੀਤਮ ਸਿੰਘ ਆਰਸੀ ਦੀ ਚਿੱਠੀ-ਵਿਛੜ ਚੁੱਕੇ ਪਿਆਰੇ ਮਿੱਤਰ-ਪੰਜਾਬੀ ਪ੍ਰਕਾਸ਼ਨ ਦੇ ਸ਼ਹਿਨਸ਼ਾਹ ਦੀ ਯਾਦ ਨੂੰ ਤਾਜ਼ਾ ਕਰਨ ਪਾਰੋਂ, ਸ਼ਾਮਲ ਕਰਨ ਦੀ ਉਮੰਗ ਉੱਠੀ ਏ। ਲਿਖਦੇ ਨੇ-ਪਿਆਰੇ ਸ. ਸਾਧੂ ਸਿੰਘ ਜੀ! ਸਤਿ ਸ੍ਰੀ ਅਕਾਲ। ਆਪ ਜੀ ਦਾ ਪੱਤਰ ਮਿਲਿਆ। ਬਹੁਤ ਬਹੁਤ ਮਿਹਰਬਾਨੀ! ਅਸੀਂ ਵਹਿਮੀ ਹੁਰਾਂ ਨੂੰ ਮਿਲਣ ਆਏ ਸਾਂ। ਦਿਲ ਕਰਦਾ ਸੀ। ਕਵੀ ਹੁਰੀਂ ਤੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਮੇਰੇ ਨਾਲ ਸਨ। ਸਤਿਗੁਰਾਂ ਕਿਰਪਾ ਕੀਤੀ, ਏਸ ਇਲਾਕੇ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਵਹਿਮੀ ਜੀ ਹੋਰਾਂ ਨੂੰ ਮੇਰੇ ਵਲੋਂ ਬਹੁਤ ਸਾਰੀ ਯਾਦ ਦੇਣੀ। ਮਿਤੀ ੩੦-੧੧-੭੬ ਪਿਆਰ ਨਾਲ ਆਪਦਾ-ਪ੍ਰੀਤਮ ਸਿੰਘ ਨਵਯੁੱਗ ਪ੍ਰੈਸ।

ਮੈਂ ਫੋਲਾ-ਫਾਲੀ ਕਰਕੇ-ਦਾਰ ਜੀ ਦੀ ਚਿੱਠੀ ਲੱਭ ਰਿਹਾਂ-ਜੇ ਮਿਲ ਗਈ, ਫੋਟੋ ਸਟੇਟ ਕਰਕੇ ਭੇਜ ਦਿਆਂਗਾ।

*ਵੀ. ਪੀ. ਓ (ਰਾਮਪੁਰ) ਬੁਢੀ ਮਾੜੀ*
*੧੨੫੧੦੨, ਫੋਨ-੦੧੬੯੮-੨੨੨੧੬੧, ੨੮੦੨੬੧*



Namdhari Elibrary NamdhariElibrary@gmail.com

## ਰੂਹ ਵਿਚ ਚੇਤਰ ਘੋਲਣ ਵਾਲੀ ਰਚਨਾ

# ਚਰਨ ਸੀਚੇਵਾਲਵੀ ਦਾ 'ਸੱਚੇ ਪਾਤਸ਼ਾਹ'

*-ਸੁਵਰਨ ਸਿੰਘ ਵਿਰਕ*

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਦੇ ਪਰਸਿੱਧ ਗਰੰਥ, 'ਸੂਰਜ ਪ੍ਰਕਾਸ਼' ਵਿਚ, ਇਕ ਕਥਾ ਆਉਂਦੀ ਹੈ, ਕਿ ਇਕ ਸਮੇਂ ਆਗਰਾ ਸ਼ਹਿਰ ਤੋਂ ਰਤਾ ਹਟਵੇਂ ਕਿਸੇ ਜੰਗਲ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਮੁਗਲ ਬਾਦਸ਼ਾਹ ਜਹਾਂਗੀਰ ਠਹਿਰੇ ਹੋਏ ਸਨ। ਦੋਵੇਂ ਆਪੋ ਆਪਣੇ ਵੱਖਰੇ ਵੱਖਰੇ ਡੇਰਿਆਂ ਵਿਚ ਦੁਪਹਿਰ ਦੇ ਸਮੇਂ ਵਿਸ਼ਰਾਮ ਕਰ ਰਹੇ ਸਨ। ਇਸ ਤੋਂ ਪਹਿਲਾਂ ਇਕ ਦਿਨ, ਜਹਾਂਗੀਰ ਨੇ ਇਹ ਜਾਣਕੇ ਕਿ ਗੁਰੂ ਜੀ ਦੇ ਸਿੱਖ ਉਹਨਾਂ ਨੂੰ 'ਸੱਚੇ ਪਾਤਸ਼ਾਹ' ਕਹਿ ਕੇ ਸੰਬੋਧਿਤ ਕਰਦੇ ਹਨ ਕੁਝ ਤਰਕ ਕੀਤੀ ਸੀ ਕਿ ਇਉਂ ਕਿਉਂ ਅਖਵਾਉਂਦੇ ਹੋ? ਆਪ ਦਾ ਜੁਆਬ ਸੀ, "ਇਹ ਤੇ ਸਿੱਖਾਂ ਦਾ ਸ਼ਰਧਾ ਭਾਵ ਹੈ। ਅਸੀਂ ਤੇ ਨਹੀਂ ਕਹਿੰਦੇ ਕਿ ਸਾਨੂੰ ਸੱਚੇ ਪਾਤਸ਼ਾਹ ਆਖੋ।" ਹੁਣ ਇਕ ਘਾਹੀ ਸਿੱਖ ਵੀ, ਜੋ ਆਗਰੇ ਦਾ ਰਹਿਣ ਵਾਲਾ ਸੀ, ਉਸਨੂੰ ਗਿਆਤ ਹੋਇਆ ਕਿ ਗੁਰੂ ਸਾਹਿਬ ਨੇੜੇ ਤੇੜੇ ਟਿਕੇ ਹਨ। ਸਿੱਖ ਨੇ ਘਾਹ ਵੇਚ ਕੇ ਇਕ ਟਕਾ ਜੇਬ੍ਹ ਵਿਚ ਪਾਇਆ ਤੇ ਗੁਰੂ ਜੀ ਦੀ ਭਾਲ ਵਿਚ ਨਿਕਲਿਆ। ਉਸਨੂੰ ਪੁੱਛਣ ਤੇ ਕਿ ਸੱਚੇ ਪਾਤਸ਼ਾਹ ਕਿੱਥੇ ਹਨ, ਸਿਪਾਹੀਆਂ ਨੇ ਜਹਾਂਗੀਰ ਦੇ ਟਿਕਾਣੇ ਵੱਲ ਭੇਜ ਦਿੱਤਾ। ਸਿੱਖ ਨੇ ਮੱਥਾ ਟੇਕਿਆ ਟਕਾ ਭੇਟ ਰੱਖ ਕੇ। ਬਾਦਸ਼ਾਹ ਨੇ ਕਿਹਾ ਮੈਂ ਤੈਨੂੰ ਕੀ ਦੇਵਾਂ? ਸਿੱਖ ਆਖਦਾ, "ਜੀ ਮੇਰੇ ਜਨਮ ਮਰਨ ਦੇ ਬੰਧਨ ਕੱਟ ਦਿਓ।" ਬਾਦਸ਼ਾਹ ਕਹਿੰਦਾ ਕਿ ਦੁਨਿਆਵੀ ਸੱਤਾ, ਧਨ ਪਦਾਰਥ ਜੋ ਚਾਹੇਂ, ਮੈਂ ਦੇ ਸਕਦਾ ਹਾਂ ਪਰ ਇਹ ਜੰਮਣ ਮਰਨ ਵਾਲੀ ਗੱਲ ਮੇਰੇ ਵੱਸ ਵਿਚ ਨਹੀਂ। ਸਿੱਖ ਨੇ ਝੱਟ ਸੁਆਲ ਕੀਤਾ, "ਕੀ ਤੁਸੀਂ ਸੱਚੇ ਪਾਤਸ਼ਾਹ ਨਹੀਂ?" ਹੁਣ ਜਹਾਂਗੀਰ ਨੇ ਉਹਨੂੰ ਆਪਣਾ ਦੁਨਿਆਵੀ ਪਾਤਸ਼ਾਹ ਹੋਣਾ ਦੱਸ ਕੇ, 'ਸੱਚੇ ਪਾਤਸ਼ਾਹ' ਦੇ ਤੰਬੂ ਦੀ ਦੱਸ ਪਾ ਦਿੱਤੀ। ਸਿੱਖ ਨੇ ਝੱਟਪਟ ਬਾਦਸ਼ਾਹ ਦੇ ਸਾਹਵਿਉਂ ਆਪਣਾ ਟਕਾ ਚੁੱਕਿਆ ਤੇ ਜਾ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਪਿਤ ਕੀਤਾ ਅਤੇ ਮਨਚਾਹੀਆਂ ਖੁਸ਼ੀਆਂ ਪ੍ਰਾਪਤ ਕਰ ਲਈਆਂ। ਇਹ ਰੁਤਬਾ ਹੈ ਇਕ ਸਿੱਖ ਵਾਸਤੇ ਆਪਣੇ ਸਤਿਗੁਰੂ 'ਸੱਚੇ ਪਾਤਸ਼ਾਹ' ਦਾ, ਜਿਸਦੇ ਸਾਹਵੇਂ ਦੁਨਿਆਵੀ ਸ਼ਾਹੀਆਂ ਚ ਹਨ। ਇਸ ਬੜੇ ਪਿਆਰੇ, ਬੜੇ ਮਿੱਠੇ ਨਾਤੇ ਦੀ, ਆਪਣੀ ਸ਼ਾਇਰੀ ਵਿਚ ਤਸਵੀਰ-ਕਸ਼ੀ ਕੀਤੀ ਹੈ, ਉੱਘੇ ਪੰਜਾਬੀ ਸ਼ਾਇਰ, ਚਰਨ ਸੀਚੇਵਾਲਵੀ ਨੇ, ਆਪਣੇ 'ਅਧਿਆਤਮਕ ਗ਼ਜ਼ਲ-ਸੰਗ੍ਰਹਿ'-"ਸੱਚੇ ਪਾਤਸ਼ਾਹ" ਵਿਚ।



-ਚਰਨ ਸੀਚੇਵਾਲਵੀ

ਗ਼ਜ਼ਲ ਸਿਨਫ਼ ਵਿਚ, ਸੀਚੇਵਾਲਵੀ ਜੀ ਦੀ ਰਚਨਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਹੀ ਰਚਨਹਾਰਾਂ ਨਾਲ, ਬੜੀ ਸੰਜਮੀ, ਸ਼ਰਧਾਮਈ ਅਤੇ ਮੰਤਰ ਮੁਗਧ ਕਰਨ ਵਾਲੀ ਸ਼ੈਲੀ ਵਿਚ ਸੰਵਾਦ ਰਚਾਉਂਦੀ ਹੈ। ਜਿੱਥੇ ਇਕ ਪਾਸੇ ਪਾਠਕ/ਸਰੋਤਾ ਸੀਚੇਵਾਲਵੀ ਜੀ ਦੇ, ਵਧੀਆ ਸ਼ਿਅਰ ਆਖਣ ਦੇ ਗੁਣਾਂ ਤੋਂ ਵਾਰਨੇ ਜਾਂਦਾ ਹੈ, ਦੂਜੇ ਬੰਨੇ ਭਾਰਤ ਦੇ ਮਹਾਨ ਸੱਭਿਆਚਾਰਕ ਅਤੇ ਸਾਹਿਤਕ ਵਿਰਸੇ ਨੂੰ, ਆਤਮਕ ਰਸ ਵਿਚ ਗੜੂੰਦ ਹੋ ਕੇ ਬਿਆਨ ਕਰਨ ਵਾਲੇ, ਸਮੂਹ ਕਲਮਕਾਰਾਂ ਬਾਰੇ ਸੰਖੇਪ ਅਤੇ ਸਟੀਕ ਜਾਣਕਾਰੀ ਹਾਸਲ ਕਰਕੇ, ਇਸ ਅਮੁੱਲ ਨਿਧੀ ਤੇ ਪੰਛੀ ਝਾਤ ਪਾਉਣ ਦੇ ਸਮਰੱਥ ਵੀ ਹੋ ਜਾਂਦਾ ਹੈ। ਹਰ ਬਾਣੀਕਾਰ ਬਾਰੇ ਇਕ ਵੱਖਰੀ ਗ਼ਜ਼ਲ, ਉਸ ਦੇ ਵਿਸ਼ਾ ਵਸਤੂ ਅਤੇ ਜੀਵਨ ਢੰਗ ਬਾਰੇ ਐਸਾ ਗਿਆਨ ਬਖਸ਼ਦੀ ਹੈ ਕਿ ਸਾਗਰ ਨੂੰ ਗਾਗਰ ਵਿਚ ਹੀ ਨਹੀਂ ਸਗੋਂ ਕੁੱਜੇ ਵਿਚ ਬੰਦ ਕਰ ਦਿੱਤਾ ਹੈ। ਸੰਖੇਪਤਾ ਕਿਸੇ ਰਚਨਾ ਦਾ ਮੀਰੀ ਗੁਣ ਹੁੰਦਾ ਹੈ। ਸੰਖੇਪ ਹੋਣ ਲਈ ਪਹਿਲਾਂ ਸਹਿਜ ਹੋਣਾ ਪੈਂਦਾ ਹੈ। ਰਹਾਉ ਦੇ ਘਰ ਵਿਚ ਵਾਸਾ ਕਰਨਾ ਪੈਂਦਾ ਹੈ। ਨਿਮਰਤਾ ਅਤੇ ਖਿਮਾ ਦੇ ਗਹਿਣੇ ਧਾਰਨ ਕਰਨੇ ਪੈਂਦੇ ਹਨ। ਮਾਨ ਅਭਿਮਾਨ ਤਿਆਗਣਾ ਪੈਂਦਾ ਹੈ। ਮਿੱਠੇ ਬਚਨਾਂ ਦਾ ਲੜ ਫੜਨਾ ਪੈਂਦਾ ਹੈ। ਸਭਨਾਂ ਦੇ ਹਿਰਦੇ ਰੂਪੀ ਮੋਤੀਆਂ ਨੂੰ ਟੁੱਟਣ ਤੋਂ ਬਚਾ ਕੇ ਵਿਚਰਨਾ ਪੈਂਦਾ ਹੈ। ਦੁਖੀ ਹਿਰਦਿਆਂ ਤੇ ਇਲਾਹੀ ਪ੍ਰੇਮ ਦੀਆਂ ਫੁਹਾਰਾਂ ਦਾ ਮੀਂਹ ਵਰ੍ਹਾਉਣਾ ਪੈਂਦਾ ਹੈ। ਆਪਣੇ ਆਪ ਨੂੰ ਅਣਹੋਇਆਂ ਵਿਚ ਗਿਣਨਾ ਪੈਂਦਾ ਹੈ। ਕਿਸੇ ਦੇ ਦੁਖ ਤਕਲੀਫ ਵਾਸਤੇ ਦੁਖੀ ਹੋਣਾ ਅਤੇ ਉਸਦੇ ਸੁੱਖੀ ਹੋਣ ਦੀ ਕਾਮਨਾ ਕਰਨੀ ਪੈਂਦੀ ਹੈ। ਸਾਡੀ ਗੁਰੂ ਬਾਣੀ ਵਿਚ ਵਰਣਿਤ, ਇਹਨਾਂ ਸਦਗੁਣਾਂ ਨਾਲ, ਸਾਡਾ ਸ਼ਾਇਰ ਮਾਲਾਮਾਲ ਹੈ, ਇਸੇ ਲਈ ਰਚਨਾ ਕਰ ਸੱਕਿਆ ਹੈ "ਸੱਚੇ ਪਾਤਸ਼ਾਹ" ਜਹੀ ਉਤਕ੍ਰਿਸ਼ਟ ਰਚਨਾ ਦੀ। ਜਿਸਦੀ ਸਾਹਿਤਕ ਵੱਖ ਜਿੰਨੀ ਵੇਰ ਵੀ ਰਚਨਾ ਵਿਚੋਂ ਗੁਜ਼ਰੀਏ ਨਵੀਆਂ ਤੋਂ ਨਵੀਆਂ ਪਰਤਾਂ ਲੈ ਕੇ ਹਾਜ਼ਰ ਹੁੰਦੀ ਹੈ। ਬਾਣੀਕਾਰ ਮਹਾਂਪੁਰਖ ਸਨ, ਪਰਮ ਮਨੁੱਖ ਸਨ ਅਤੇ ਚਰਨ ਸੀਚੇਵਾਲੀਏ



Namdhari Elibrary NamdhariElibrary@gmail.com

ਜਿਹਾ ਸੱਜਣ ਪੁਰਖ ਹੀ, ਇਹਨਾਂ ਮਹਾਨ ਵਿਭੂਤੀਆਂ ਦੀ ਕੀਰਤੀ ਨੂੰ ਆਪਣੀ ਕਾਨੀ ਦੀ ਨੋਕ ਤੇ ਲਿਆ ਸੱਕਿਆ ਹੈ। ਬੇਸ਼ਕ ਸਾਡੇ ਤਿੰਨ ਗੁਰੂ ਸਾਹਿਬਾਨ ਨੇ ਬਾਣੀ ਦਾ ਉਚਾਰ ਨਹੀਂ ਕੀਤਾ, ਪ੍ਰੰਤੂ ਸਿੱਖ ਆਪਣੇ ਸਤਿਗੁਰੂ ਸਾਹਿਬਾਨ ਵਿਚ ਆਦਿ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦਾ ਹੀ ਝਲਕਾਰਾ ਮਹਿਸੂਸ ਕਰਦਾ ਹੈ, ਇਸ ਲਈ ਬਾਣੀ ਰਚਣ ਵਾਲੇ ਜਾਂ ਨਾ ਰਚਣ ਵਾਲਿਆਂ ਵਿਚ ਕੋਈ ਵਖਰੇਵਾਂ ਵਿਆਪਤ ਹੀ ਨਹੀਂ ਹੁੰਦਾ ਅਤੇ ਬਾਣੀ ਨੂੰ ਉਨ੍ਹਾਂ ਆਪਣੇ ਨਿੱਜੀ ਜੀਵਨ ਵਿਚ ਇਉਂ ਇਕਮਿੱਕ ਕਰ ਲਿਆ ਸੀ ਕਿ ਉਹ ਵੀ ਬਾਣੀ ਰੂਪ ਹੋ ਗਏ ਸਨ। ਇਸ ਲਈ ਗੁਰੂ ਹਸਤੀਆਂ ਨੂੰ ਸੀਚੇਵਾਲਵੀ ਜੀ ਇਕੋ ਜਿਹਾ ਕਾਵਿਕ ਢੋਆ ਪੇਸ਼ ਕਰ ਰਹੇ ਹਨ।

ਛੇ ਗੁਰੂ ਸਾਹਿਬਾਨ, ਤਿੰਨ ਗੁਰਸਿਖਾਂ, ਪੰਦਰਾਂ ਭਗਤਾਂ (ਸਮੇਤ ਬਾਬੇ ਫਰੀਦ ਜਿਹੇ ਸੂਫ਼ੀ ਸੰਤ ਦੇ) ਅਤੇ ਗਿਆਰਾਂ ਭੱਟਾਂ ਦੀ ਰਚਨਾ, ਇਸ ਮਹਾਨ ਗਰੰਥ ਵਿਚ ਪੰਜਵੇਂ ਪਾਤਸ਼ਾਹ ਜੀ ਨੇ ਸੰਪਾਦਿਤ ਕੀਤੀ ਹੈ। ਇਹਨਾਂ ਪੈਂਤੀ ਇਤਿਹਾਸਕ ਵਿਅਕਤੀਆਂ ਬਾਰੇ ਇਤਿਹਾਸਕ ਅਤੇ ਧਾਰਮਿਕ ਪੁਸਤਕਾਂ ਵਿਚੋਂ ਜਾਣਕਾਰੀ ਹਾਸਲ ਕਰਕੇ ਕਵੀ ਜੀ ਨੇ ਆਪਣੀ ਗ਼ਜ਼ਲਾਂ ਅਤੇ ਨਾਲ ਦਿਤੇ ਫੁੱਟ-ਨੋਟਾਂ ਨੂੰ ਸ਼ਿੰਗਾਰਿਆ ਹੈ। ਜਿਤਨਿਆਂ ਕੁ ਦੇ ਜੀਵਨ ਕਾਲ ਦੇ ਸੰਨ ਉਪਲਬਧ ਹੋਏ ਹਨ, ਉਹ ਵੀ ਦਿੱਤੇ ਹਨ। ਚੰਗਾ ਹੁੰਦਾ ਜੇ ਕਵੀ ਜੀ, ਹਰ ਰਚਨਾਕਾਰ ਦੀ ਕੁੱਲ ਕਿਤਨੀ ਬਾਣੀ, ਕਿਤਨੇ ਰਾਗਾਂ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਇਸ ਦਾ ਵੇਰਵਾ ਵੀ ਦੇ ਦਿੰਦੇ। ਪਰ ਉਹ ਮੂਲ ਰੂਪ ਵਿਚ ਤਾਂ ਸ਼ਾਇਰ ਹਨ ਅਤੇ ਆਪਣੇ ਦਿਲੀ ਵਲਵਲੇ ਕਾਵਿ ਦੀ ਭਾਸ਼ਾ ਵਿਚ ਪ੍ਰਗਟ ਕਰਕੇ ਇਹਨਾਂ ਬਾਣੀਕਾਰਾਂ ਪ੍ਰਤੀ ਆਪਣੇ ਰਿਣ ਨੂੰ ਉਤੀਰਣ ਕਰਨਾ ਚਾਹੁੰਦੇ ਹਨ। ਭਾਵੇਂ ਕਵੀ ਆਪਣੀ ਰਚਨਾ ਨੂੰ ਵੀ ਆਵੇਸ਼ ਹੀ ਮੰਨ ਰਿਹਾ ਹੈ ਅਤੇ ਗਗਨ ਮੰਡਲ ਦੀਆਂ ਉਡਾਰੀਆਂ ਨੂੰ ਜ਼ਿਆਦਾ ਤਰਜੀਹ ਦੇ ਰਿਹਾ ਹੈ, ਪਰ ਉਹ ਧਰਤੀ ਨਾਲ ਵੀ ਆਪਣਾ ਨਾਤਾ ਜੋੜੀ ਰੱਖਣਾ ਚਾਹੁੰਦਾ ਹੈ:

"ਜੇ. ਪੀ ਹੁੰਦੇ ਤਾਂ ਤੈਥੋਂ ਪੀ ਲੋਕਤਾ ਦੇ ਅੱਥਰੂ
ਜੇ ਹੋ ਹੁੰਦੇ ਤਾਂ ਤੈਥੋਂ ਧਰਤੀ ਦਾ ਰੱਬ ਹੋ"

ਭਗਤ ਕਵੀਆਂ ਨੇ ਸਾਡੇ ਦੇਸ਼ ਵਿਚ ਭਗਤੀ ਉਤੋਂ ਉਚ ਵਰਗਾਂ ਦੀ ਵੀ ਤੋੜੀ ਅਤੇ ਮਿਹਨਤਕਸ਼ ਲੋਕਾਂ ਅਤੇ ਉਹਨਾਂ ਦੇ ਕਿਰਤ ਦੇ ਸੰਦਾਂ ਦਾ ਯਸ਼ਗਾਨ ਵੀ ਕੀਤਾ। ਇਸੇ ਲੋਕ ਪਰੰਪਰਾ ਨੂੰ ਸਾਡਾ ਕਵੀ ਹੋਰ ਅੱਗੇ ਵੀ ਤੋਰ ਰਿਹਾ ਹੈ ਅਤੇ ਅੱਜ ਦੇ ਸੰਦਰਭ ਵਿਚ ਨਵੀਂ ਆਸ਼ਾ ਦਾ ਸੰਚਾਰ ਵੀ ਕਰਦਾ ਹੈ :

"ਸੱਚੀ ਸੁੱਚੀ ਕਿਰਤ ਕਰੋ ਤਾਂ,
ਫਿਰ ਹੁੰਦੇ ਅੰਦਰ ਉਜਿਆਰੇ।
ਰੰਬੀ, ਸਿਲ, ਆਰ ਤੇ ਡੋਰੀ,
ਪੂਜਣ ਯੋਗ ਹੋਏ ਅੱਜ ਸਾਰੇ।

...................................

ਵੇਖ ਰਿਹਾ ਹਾਂ ਚੜ੍ਹਦਾ ਸੂਰਜ,
ਲਿਸ਼ਕ ਉਠੇ ਝੁੱਗੀਆਂ ਤੇ ਢਾਰੇ

ਗੁੜ੍ਹ ਗਿਆਨ ਦੀਆਂ ਗੱਲਾਂ, ਗ਼ਜ਼ਲਕਾਰ ਕਿੰਨੀ ਸਾਦਗੀ ਨਾਲ ਲੋਕ ਮੁਹਾਵਰੇ ਵਿਚ ਕਰ ਸੱਕਿਆ ਹੈ, ਇਹ ਉਸ ਦੇ ਪ੍ਰੌਢ ਕਵੀ ਹੋਣ ਦਾ ਵੱਡਾ ਸਬੂਤ ਹੈ। ਪਰਕਿਰਤੀ ਚਿਤਰਣ ਵਿਚ ਉਸਦੀ ਮੁਹਾਰਤ ਕਮਾਲ ਦੀ ਹੈ। ਉਹ ਆਪਣੇ ਪੰਜਾਬ ਦੇ ਆਲੇ ਦੁਆਲੇ ਵਿਚ ਹੀ ਬੜਾ ਸਹਿਜ ਭਾਵੀ ਹੋ ਕੇ ਵਿਚਰਦਾ ਹੈ। 'ਚਰਨ' ਇਸ ਮਿੱਟੀ ਦੇ ਕਣ ਕਣ ਨੂੰ, ਮੋਹ ਕਰਨ ਵਾਲਾ ਬੰਦਾ ਹੈ, ਉਹ ਇਸ ਦੀਆਂ ਅਜ਼ਮਤਾਂ ਅਤੇ ਬਰਕਤਾਂ ਤੋਂ ਵਾਰੇ ਵਾਰੇ ਜਾਂਦਾ ਹੈ। ਉਸਦਾ ਇਰਾਦਾ ਮੰਜ਼ਿਲ ਤੋਂ ਉਰ੍ਹਾਂ ਪੜਾਅ ਕਰਨ ਦਾ ਨਹੀਂ। ਇਹਨਾਂ ਸ਼ੇਅਰਾਂ ਵਿਚ ਕੁਦਰਤ ਅਤੇ ਮਨੁੱਖ ਦੀ ਅਥਾਹ ਇੱਛਾ-ਸ਼ਕਤੀ ਧੜਕਦੀ ਹੈ:

"ਆਪੇ ਖੇਤ ਕਪਾਹ ਦਾ ਖਿੜਜੂ
ਬੁੱਲ੍ਹਾਂ ਤੇ ਸ਼ਹਿਨਾਈ ਰੱਖ ਤੂੰ।"

...................................

"ਖੱਬਲ ਬਣ ਜਾ ਇਟ ਸਿਟ ਬਣ ਜਾ,
ਧਰਤੀ ਨੂੰ ਹਰਿਆਈ ਰੱਖ ਤੂੰ।
ਜਦ ਤੱਕ ਸੀਚੇਵਾਲ ਨਹੀਂ ਆਉਂਦਾ,
ਘੋੜਾ ਚਰਨ ਭਜਾਈ ਰੱਖ ਤੂੰ।"

...................................

"ਵਾਤਾਵਰਣ ਸੁਹਾਣਾ ਹੋ ਜਾਏ,
ਰੂਹ ਵਿਚ ਚੇਤਰ ਘੋਲ ਦਿਓ ਜੀ।

...................................

'ਚਰਨ' ਹੋਰ ਕੁਝ ਵੀ ਨਹੀਂ ਮੰਗਦਾ,
ਭਰ ਸ਼ਬਦਾਂ ਨਾਲ ਝੋਲ ਦਿਓ ਜੀ।"

ਕਵੀ ਦਾ ਸੰਵੇਦਨਸ਼ੀਲ ਹਿਰਦਾ, ਪੰਜਾਬ ਦੇ ਕਾਲੇ ਦਿਨਾਂ ਦੇ ਸੰਤਾਪ ਨਾਲ ਇਉਂ ਵਲੂੰਧਰਿਆ ਗਿਆ, ਕਿ ਉਸ ਬਾਬੇ ਨਾਨਕ ਦੇ ਰੂਪ ਵਿਚ ਆਪਣੇ ਅਜ਼ੀਮ ਸਾਥੀ ਨੂੰ ਇਹ ਪ੍ਰਸ਼ਨ ਪੁੱਛ ਹੀ ਲਿਆ :

"ਅੰਮ੍ਰਿਤ ਵੇਲਾ ਹੋਇਆ ਕਿੱਥੇ ਇਸ਼ਨਾਨ ਕਰਾਂ,
ਵਗਦੀ ਹੈ ਲਹੂ ਦੀ ਚਨਾਬ ਮਰਦਾਨਿਆਂ।
ਤਾਰਿਆਂ ਤੋਂ ਪੁੱਛਦੇ ਹਾਂ ਹੋਰ ਕਿੰਨੇ ਸਾਹ ਲੈਣੇ,
ਰਾਤੀ ਏਹੋ ਲਾਉਂਦਾ ਹਾਂ ਹਿਸਾਬ ਮਰਦਾਨਿਆਂ।"

ਪੰਜਾਬੀ ਸੱਥ ਲਾਂਬੜਾ ਨਾਲ ਜੁੜੇ ਦੋ ਸੱਜਣ ਡਾ. ਨਿਰਮਲ ਸਿੰਘ ਅਤੇ ਸ. ਮੋਤਾ ਸਿੰਘ ਸਰਾਏ, ਇਸ ਵਿਰਸੇ ਨਾਲ ਜੋੜਨ ਵਾਲੀ, ਸਾਡੇ ਮਕਬੂਲ ਸਟੇਜੀ ਕਵੀ ਦੀ, ਸਾਹਿਤਕ ਕ੍ਰਿਤ ਨੂੰ, ਛਾਪੇ ਦਾ ਜਾਮਾ ਪੁਆਉਣ ਲਈ ਵਧਾਈ ਦੇ ਹੱਕਦਾਰ ਹਨ।


Namdhari Elibrary NamdhariElibrary@gmail.com

# ਖ਼ਬਰਨਾਮਾ

## ਤਲਵੰਡੀ ਗੁਰਾਇਆ (ਗੁਰਦਾਸਪੁਰ) ਵਿਚ ਪ੍ਰਕਾਸ਼ ਪੁਰਬ

ਤੁਸੀਂ ਸ੍ਰੀ ਭੈਣੀ ਸਾਹਿਬ ਗਿਆਂ ਇਕ ਬਹੁਤ ਹੀ ਸਨਿਮਰ, ਮਿੱਠੇ ਤੇ ਸਾਹਿਤਕ ਸ਼ਬਦਾਂ ਵਿਚ ਕਥਾ ਕਰਨ ਵਾਲੇ ਇਕ ਸੱਜਣ ਦੀ ਕਥਾ ਜ਼ਰੂਰ ਸੁਣੀ ਹੋਵੇਗੀ। ਇਕ ਹਨ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ। ਇਨ੍ਹਾਂ ਦੀ ਕਥਾ ਸੁਣਦਿਆਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦੇ ਮੁੱਖ 'ਚੋਂ ਸ਼ਬਦਾਂ-ਰੂਪੀ ਫੁੱਲ ਕਿਰ ਰਹੇ ਹੋਣ। ਜਿਵੇਂ ਸ਼ਹਿਦ ਦੀ ਧਾਰਾ ਸਰੋਤੇ ਦੇ ਕੰਨਾਂ ਵਿਚ ਵਹਿ ਤੁਰੀ ਹੋਵੇ। ਜਿਸ ਵਿਸ਼ੇ ਤੇ ਉਹ ਆਪਣੇ ਮਿੱਠੇ ਸ਼ਬਦਾਂ ਵਿਚ ਬੋਲ ਰਹੇ ਹੁੰਦੇ ਹਨ, ਇੰਝ ਲਗਦਾ ਏ-ਇਹ ਧੁਰੋਂ ਉਤਰ ਰਹੇ ਹਨ ਤੇ ਸਰੋਤੇ ਦੇ ਅੰਤਰ-ਮਨ ਤੇ ਰੱਬੀ ਬਾਣੀ ਵਰਗਾ ਪ੍ਰਭਾਵ ਪਾ ਰਹੇ ਹੁੰਦੇ ਹਨ।

ਖ਼ੈਰ, ਇਹ ਤਾਂ ਸੀ ਉਹਨਾਂ ਦਾ ਕਥਾ-ਪੱਖ, ਪਰ ਅੱਜ ਮੈਂ ਉਹਨਾਂ ਦੇ ਦੂਜੇ ਪੱਖ ਦਾ ਜ਼ਿਕਰ ਕਰ ਰਿਹਾ ਹਾਂ। ਉਹ ਹੈ ਉਹਨਾਂ ਦਾ ਉਹ ਅਨੋਖਾ ਪੱਖ ਜਿਸਨੂੰ ਬਿਆਨ ਕਰਨ ਲੱਗਿਆਂ ਲਫ਼ਜ਼ ਥੁੜ ਗਏ ਜਾਪਦੇ ਹਨ। ਉਹ ਨਿਰੇ ਸ਼ਬਦਾਂ ਦੇ ਜਾਦੂਗਰ ਹੀ ਨਹੀਂ, ਆਪਣੇ ਉੱਚੇ ਕਿਰਦਾਰ ਦੀ ਮਿਸਾਲ ਵੀ ਆਪ ਹੀ ਹਨ। ਇਹ ਅਨੁਭਵ ਮੈਨੂੰ ਉਦੋਂ ਹੋਇਆ ਜਦੋਂ ਅਸੀਂ ਮੈਂ ਤੇ ਸ. ਸਾਧੂ ਸਿੰਘ ਕਿਸਾਨ ਉਨ੍ਹਾਂ ਦੇ ਪਿੰਡ ਤਲਵੰਡੀ ਗੁਰਾਇਆ ਜ਼ਿਲ੍ਹਾ ਗੁਰਦਾਸਪੁਰ ਪੁੱਜੇ। ਚੰਡੀਗੜ੍ਹ ਬਸੰਤ ਮੇਲੇ ਤੇ ਸੰਤ ਨਿਸ਼ਾਨ ਸਿੰਘ ਹੁਰਾਂ ਸਾਨੂੰ ਪੱਕੀ ਕੀਤੀ ਸੀ ਕਿ ਸਾਡੇ ਪਿੰਡ ਪ੍ਰਕਾਸ਼ ਪੁਰਬ ਜ਼ਰੂਰ ਆਉਣਾ।

ਅਸੀਂ ੧੮-੨-੨੦੧੧ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਜਿਵੇਂ ਸਾਨੂੰ ਉਹਨਾਂ ਕਿਹਾ ਸੀ ਸੰਤ ਮਾਸਟਰ ਦਰਸ਼ਨ ਸਿੰਘ ਜੀ ਪਾਠੀ ਹੁਰਾਂ ਨਾਲ ਬੋਲੈਰੋ ਗੱਡੀ ਤੇ ਸ੍ਰੀ ਭੈਣੀ ਸਾਹਿਬ ਤੋਂ ਸੰਤ ਬਲਵੰਤ ਸਿੰਘ ਜੀ ਕਪੂਰੇ ਵਾਲੇ ਤੇ ਇਕ ਬਜ਼ੁਰਗ ਸੰਤ ਵੀ ਨਾਲ ਵੀ ਨਾਲ ਤਲਵੰਡੀ ਗੁਰਾਇਆ ਪਹੁੰਚ ਗਏ। ੧੯-੨-੨੦੧੧ ਨੂੰ ਸਵੇਰੇ ਕਰੀਬ ੧੦.੦੦ ਵਜੇ। ਸੰਤ ਨਿਸ਼ਾਨ ਸਿੰਘ ਜੀ ਦਾ ਮਕਾਨ ਖੇਤ ਵਿਚ ਹੀ ਹੈ। ਸਾਡੇ ਜਾਂਦਿਆਂ ਨੂੰ ਅਖੰਡ-ਪਾਠ ਦਾ ਭੋਗ ਪੈਣ ਹੀ ਵਾਲਾ ਸੀ।

ਪਹਿਲਾ ਪ੍ਰਭਾਵ ਜੋ ਇਸ ਮੇਲੇ ਦਾ ਮੇਰੇ ਤੇ ਪਿਆ, ਉਹ ਸੀ ਕਿ ਪਰਿਵਾਰ 'ਚੋਂ ਸਾਰੇ ਜੀਅ ਕੇਸੀਂ ਇਸ਼ਨਾਨ ਕਰ ਕੇ ਵੱਖ-ਵੱਖ ਸੇਵਾਵਾਂ ਵਿਚ ਜੁਟੇ ਹੋਏ ਸਨ। ਬੱਚੇ ਬੁੱਢੇ, ਇਸਤਰੀ ਮਰਦ ਸਭ ਭੰਬੀਰੀ ਵਾਂਗ ਫਿਰ ਰਹੇ ਸਨ। ਸਾਨੂੰ ਗੱਡੀ ਤੋਂ ਉਤਰਦਿਆਂ ਵੇਖ ਕੇ ਸਭ ਨੇ ਸਾਡਾ ਸੁਆਗਤ ਕੀਤਾ, ਸਤਿ ਸ੍ਰੀ ਅਕਾਲ ਹੱਥ ਜੋੜ ਕੇ ਆਖੀ।

ਪਤਾ ਲੱਗਾ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਾ ਮੇਲਾ ਸੰਤ ਨਿਸ਼ਾਨ ਸਿੰਘ ਜੀ ਸਹਿਤ ਪਰਿਵਾਰ ਕਈ ਸਾਲਾਂ ਤੋਂ ਹਰ ਸਾਲ ਮਨਾ ਰਹੇ ਹਨ। ਬਗ਼ੈਰ ਕਿਸੇ ਦੀ ਸਹਾਇਤਾ ਦੇ... ਸਿਰਫ ਸਤਿਗੁਰੂ ਜੀ ਦੀ ਓਟ ਲੈ ਕੇ। ਅਖੰਡ ਪਾਠ ਦਾ ਭੋਗ ਪਿਆ ਤੇ ਚਿੱਟੀਆਂ ਚਾਨਣੀਆਂ ਨਾਲ ਸਜੇ ਪੰਡਾਲ ਵਿਚ ਮੇਲਾ ਸ਼ੁਰੂ ਹੋਇਆ।

ਸਭ ਤੋਂ ਪਹਿਲਾਂ ਇਕ ਸੰਤ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਗੁਰ-ਇਤਿਹਾਸ ਦੀ ਕਥਾ ਕੀਤੀ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਹੀ ਨਵੇਂ ਸਜੇ ਕਵੀਸ਼ਰੀ ਜਥੇ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਤੋਂ ਲੈ ਕੇ ਪ੍ਰਦੇਸ ਜਾਣ ਤੱਕ ਬੜੇ ਸੋਹਣੇ ਸ਼ਬਦਾਂ ਵਿਚ ਦੀਵਾਨ ਸਜਾਇਆ। ਸੰਤ ਭਜਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਕਵੀਸ਼ਰੀ ਜਥੇ ਸਮੇਤ ਆਏ ਸਨ। ਉਨ੍ਹਾਂ ਸੰਤ ਨਿਸ਼ਾਨ ਸਿੰਘ ਜੀ ਦਾ ਰਚਿਆ ਨਵਾਂ ਪ੍ਰਸੰਗ ਸੁਣਾ ਕੇ ਸੰਗਤਾਂ ਦੀ ਵਾਹ-ਵਾਹ ਖੱਟੀ। ਇਸ ਤੋਂ ਪਤਾ ਲੱਗਾ ਕਿ ਸੰਤ ਨਿਸ਼ਾਨ ਸਿੰਘ ਜੀ ਨਿਰੀ ਕਥਾ ਹੀ ਨਹੀਂ ਕਰਦੇ, ਕਵਿਤਾ ਤੋਂ ਵੀ ਪ੍ਰਸੰਗ ਸਹਿਤ ਲਿਖਦੇ ਹਨ। ਬਾਅਦ ਵਿਚ ਸੰਤ ਜਥੇਦਾਰ ਮੋਹਕਮ ਸਿੰਘ ਜੀ ਨੇ ਆਪਣੇ ਮਨੋਹਰ ਬਚਨਾਂ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਉਹਨਾਂ ਦਾ ਵਿਖਿਆਨ ਕਿਸੇ ਤਾਰੀਫ਼ ਦਾ ਮੁਹਤਾਜ ਨਹੀਂ। ਗੁਰੂ ਮਹਿਮਾ ਵਿਚ ਉਹਨਾਂ ਨੇ ਬਹੁਤ ਪ੍ਰਭਾਵਸ਼ਾਲੀ ਕਥਾ ਕੀਤੀ। ਜਥੇਦਾਰ ਸੁਰਜੀਤ ਸਿੰਘ ਜੀ ਬਟਾਲੇ ਵਾਲੇ ਨੇ ਹੱਲੇ ਦਾ ਦੀਵਾਨ ਲਾਇਆ, ਜਿਸ ਵਿਚ ਉਹਨਾਂ ਗੁਰੂ-ਜੱਸ ਬੜੇ ਸੋਹਣ ਢੰਗ ਨਾਲ ਕੀਤਾ। ਸੰਤ ਬਲਵੰਤ ਸਿੰਘ ਕਪੂਰੇ ਵਾਲਿਆਂ ਵੀ ਬੜੇ ਹੀ ਵਧੀਆ ਢੰਗ ਨਾਲ ਸੰਗਤਾਂ ਨੂੰ ਆਪਣੇ ਮਿੱਠੇ ਬਚਨਾਂ ਨਾਲ ਨਿਹਾਲ ਕੀਤਾ।

ਸਨਮਾਨ ਸਮਾਰੋਹ— ਮਾਸਟਰ ਦਰਸ਼ਨ ਸਿੰਘ ਜੀ ਨੇ ਮਾਇਕ ਤੇ ਐਲਾਨ ਕੀਤਾ ਕਿ ਸੰਤ ਨਿਸ਼ਾਨ ਸਿੰਘ ਜੀ ਹਰ ਸਾਲ ਏਸੇ ਮੇਲੇ ਤੇ ਚੰਗੇ ਪਾਠੀਆਂ, ਵਕਤਿਆਂ, ਅਨਿੰਨ ਸੇਵਕਾਂ ਨੂੰ ਸਨਮਾਨਿਤ ਕਰਦੇ ਹਨ। ਸੋ ਇਸ ਕੜੀ ਵਿਚ ਸਭ ਤੋਂ ਪਹਿਲਾਂ ਸੰਤ ਬਲਵੰਤ ਸਿੰਘ ਜੀ ਕਪੂਰੇ ਵਾਲਿਆਂ ਨੂੰ ਸ਼ਾਲ, ਮੋਮੈਂਟੋ ਤੇ ਮਾਇਆ ਨਾਲ ਗਲ ਮਾਲਾ ਪਾ ਕੇ ਸਨਮਾਨਿਤ ਕੀਤਾ। ਉਸ ਤੋਂ ਬਾਅਦ ਸ. ਸਾਧੂ ਸਿੰਘ ਕਿਸਾਨ ਹੁਰਾਂ ਨੂੰ ਵਧੀਆ ਪਾਠੀ ਹੋਣ ਕਰਕੇ ਸਨਮਾਨਿਤ ਕੀਤਾ ਗਿਆ। ਤੀਜੇ ਨੰਬਰ ਤੇ ਜਥੇਦਾਰ ਮੋਹਕਮ ਸਿੰਘ ਜੀ ਨੂੰ ਅਤੇ ਫੇਰ ਸ੍ਰੀ ਭੈਣੀ ਸਾਹਿਬ ਤੋਂ ਆਏ ਬਹੁਤ ਬਜ਼ੁਰਗ ਲਾਂਗਰੀ ਸੰਤ ਜੁਗਿੰਦਰ ਸਿੰਘ ਭਿੱਕਾ ਨੂੰ ਉਸੇ ਤਰ੍ਹਾਂ ਹੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਵੀ



Namdhari Elibrary NamdhariElibrary@gmail.com

ਕਈ ਸਨਮਾਨ ਦਿੱਤੇ ਗਏ, ਜੋ ਪੁਰਾਣੇ ਸੂਬਿਆਂ ਦੇ ਪਰਿਵਾਰਾਂ ਵਿਚੋਂ ਖਾਸ ਕਰਕੇ ਸੱਦੇ ਗਏ ਸਨ।

ਸ. ਸਾਧੂ ਸਿੰਘ ਕਿਸਾਨ ਹੋਰਾਂ ਦੱਸਿਆ ਕਿ ਇਹ ਸਨਮਾਨ ਮੈਨੂੰ ਕਰੀਬ ੬੫ ਸਾਲ ਬਾਅਦ ਮਿਲ ਰਿਹੈ। ਮੈਂ ਉਦੋਂ ਸਿਰਫ਼ ੧੨-੧੩ ਸਾਲ ਦਾ ਹੀ ਸਾਂ, ਜਦੋਂ ਪੱਤਰਾ-ਪਾਠ ਹੋਏ ਸਨ। ਮੈਨੂੰ ਮੇਰਾ ਪੱਤਰਾ ਪੂਰੀ ਤਰ੍ਹਾਂ ਸਪਸ਼ਟ ਤੇ ਸ਼ੁੱਧ ਜ਼ੁਬਾਨੀ ਯਾਦ ਹੋ ਗਿਆ ਸੀ। ਉਦੋਂ ਸ਼ੁੱਧ-ਪਾਠ ਦਾ ਮੁਕਾਬਲਾ ਹੋਇਆ ਸੀ, ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਕਰ ਕਮਲਾਂ ਦੁਆਰਾ ੨੫ ਰੁਪੈ ਦਾ ਪਹਿਲਾ ਇਨਾਮ ਦੇ ਕੇ ਨਿਵਾਜਿਆ ਸੀ। ਉਹਨਾਂ ਕਿਹਾ ਕਿ ਮੈਂ ਸੰਤ ਨਿਸ਼ਾਨ ਸਿੰਘ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮੈਨੂੰ ਮੇਰੀ ਪਿਛਲੀ ਉਮਰੇ ਸਨਮਾਨ ਦਿੱਤਾ ਹੈ। ਸਤਿਗੁਰੂ ਜੀ ਕ੍ਰਿਪਾ ਕਰਨ, ਇਹ ਸਿਲਸਿਲਾ ਏਸੇ ਤਰ੍ਹਾਂ ਜਾਰੀ ਰਹੇ ਅਤੇ ਮੇਰੇ ਵਰਗੇ ਭੁਲਾਏ ਜਾ ਚੁੱਕੇ ਹੋਇਆਂ ਨੂੰ ਵੀ ਚੇਤੇ ਕਰਦੇ ਰਹਿਣ। ਮੇਰੀ ਪਾਠ ਦੀ ਸ਼ੁੱਧਤਾ ਤੇ ਰਫ਼ਤਾਰ ਦੀ ਦੇਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੀ ਹੈ ਤੇ ਮੈਂ ਉਹਨਾਂ ਦੀ ਬਖ਼ਸ਼ਿਸ਼ ਨੂੰ ਵੀ ਸਿਰ ਨਿਵਾਂਦਾ ਹੋਇਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ-ਕੋਟਿ ਧੰਨਵਾਦੀ ਹਾਂ ਜਿਨ੍ਹਾਂ ਦੀ ਅੰਤਰ-ਪ੍ਰੇਰਨਾ ਕਰਕੇ ਸੰਤ ਨਿਸ਼ਾਨ ਸਿੰਘ ਜੀ ਏਹੋ ਜਿਹੇ ਸਮਾਗਮ ਅਰੰਭੇ ਹਨ।

ਕਈ ਹੋਰ ਜਥੇਦਾਰਾਂ ਤੇ ਵਿਦਵਾਨਾਂ ਨੇ ਵੀ ਆਪਣੇ ਮਨੋਹਰ ਬਚਨਾ ਰਾਹੀਂ ਸੰਗਤਾਂ ਨੂੰ ਪ੍ਰੇਰਿਤ ਕੀਤਾ। ਯਾਦ ਰਹੇ ਇਹ ਮੇਲਾ ਸੰਤ ਨਿਸ਼ਾਨ ਸਿੰਘ, ਪੰਡਤ ਗੋਪਾਲ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਕਰਦੇ ਹਨ। ਜੋ ਉਨ੍ਹਾਂ ਦੇ ਸਤਿਕਾਰਯੋਗ ਉਸਤਾਦ ਜੀ ਸਨ।

ਅੰਤ ਵਿਚ ਅਰਦਾਸ ਸੂਬਾ ਮੋਹਕਮ ਸਿੰਘ ਜੀ ਨੇ ਕੀਤੀ। ਬਾਅਦ ਵਿਚ ਗੁਰੂ ਕਾ ਲੰਗਰ ਛਕਣ ਵਾਸਤੇ ਸੰਗਤਾਂ ਨੂੰ ਬੇਨਤੀ ਕੀਤੀ ਗਈ। ਦੇਸੀ ਘਿਓ ਨਾਲ ਤਿਆਰ ਕੀਤੀਆਂ ਹੋਈਆਂ ਜਲੇਬੀਆਂ ਦਾ ਲੰਗਰ ਸਵੇਰ ਤੋਂ ਹੀ ਵਰਤਾਇਆ ਜਾ ਰਿਹਾ ਸੀ।

*—ਮਾਸਟਰ ਅਮਰੀਕ ਸਿੰਘ*

## ਧਾਰਮਿਕ ਕਾਵਿ ਸੰਗ੍ਰਹਿ 'ਸੁੱਚੇ ਮੋਤੀ' ਰਿਲੀਜ਼

ਬੀਤੇ ਦਿਨੀਂ ਜਲੰਧਰ 'ਚ ਹੋਏ ਇੱਕ ਸ਼ਾਨਦਾਰ ਸਮਾਗਮ ਵਿਚ ਪ੍ਰਸਿੱਧ ਇਤਿਹਾਸਕਾਰ ਵਾਰਤਕਕਾਰ ਅਤੇ ਕਵੀ ਸਵਰਗਵਾਸੀ ਰਣਜੀਤ ਸਿੰਘ ਖੜਗ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਸੁੱਚੇ ਮੋਤੀ' ਰਿਲੀਜ਼ ਕੀਤਾ ਗਿਆ। ਖੜਗ ਹੋਰੀਂ ਆਪਣੇ ਸਮੇਂ ਦੇ ਪ੍ਰਸਿੱਧ ਕਵੀ ਹੋਏ ਹਨ ਅਤੇ ਉਹ ੧੯੭੧ 'ਚ ਹੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਸਪੁੱਤਰ ਇੰਜੀ. ਕਰਮਜੀਤ ਸਿੰਘ ਦੇ ਯਤਨਾਂ ਨਾਲ ਉਨ੍ਹਾਂ ਦੀਆਂ ਧਾਰਮਿਕ ਕਵਿਤਾਵਾਂ ਦਾ ਇਹ ਸੰਗ੍ਰਹਿ 'ਸੁੱਚੇ ਮੋਤੀ' ਦੇ ਰੂਪ ਵਿਚ ਸਾਹਮਣੇ ਆਇਆ ਹੈ।

ਸਮਾਗਮ ਦੀ ਪ੍ਰਧਾਨਗੀ ਸ. ਬੇਅੰਤ ਸਿੰਘ ਸਰੌਹਦੀ ਨੇ ਕੀਤੀ, ਜਦੋਂ ਕਿ ਵਿਸ਼ੇਸ਼ ਮਹਿਮਾਨ ਵਜੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਮਨਪ੍ਰੀਤ ਸਿੰਘ ਬੱਲ, ਕੁਲਦੀਪ ਸਿੰਘ ਸਪੀਡਵੇਜ਼ ਅਤੇ ਕੁਲਵੰਤ ਸਿੰਘ ਤਹੀਮ (ਕੈਨੇਡਾ) ਸ਼ਾਮਿਲ ਹੋਏ। ਆਰੰਭ 'ਚ ਨਿਰਮਲ ਸਿੰਘ ਭੰਡਾਲ ਨੇ 'ਸੁੱਚੇ ਮੋਤੀ' ਦੀਆਂ ਕਵਿਤਾਵਾਂ ਨਾਲ ਸਰੋਤਿਆਂ ਦੀ ਜਾਣ-ਪਛਾਣ ਕਰਾਈ ਅਤੇ ਦੱਸਿਆ ਕਿ ਖੜਗ ਜੀ ਦੀਆਂ ਇਹ ਕਵਿਤਾਵਾਂ ਜਿੱਥੇ ਧਾਰਮਿਕ ਸਖਸ਼ੀਅਤਾਂ ਨੂੰ ਪ੍ਰਗਟਾਉਂਦੀਆਂ ਹਨ, ਉੱਥੇ ਉਨ੍ਹਾਂ ਨੇ ਪੰਜਾਬ ਦੇ ਸਿੱਖ ਰਾਜ ਦੇ ਇਤਿਹਾਸਕ ਪਾਤਰਾਂ 'ਤੇ ਵੀ ਆਪਣੀ ਕਲਮ ਅਜ਼ਮਾਈ ਕੀਤੀ ਹੈ। ਇੰਜੀ. ਕਰਮਜੀਤ ਸਿੰਘ ਨੇ ਕਿਹਾ ਕਿ ਸ. ਖੜਗ ਦਾ ਸਾਹਿਤ ਛਾਪਣਾ, ਉਨ੍ਹਾਂ ਲਈ ਆਪਣੇ ਪਿਤਾ ਨੂੰ ਇੱਕ ਸ਼ਰਧਾਂਜਲੀ ਭੇਟ ਕਰਨ ਵਾਂਗ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦਾ ਬਾਕੀ ਰਚਿਆ ਸਾਹਿਤ ਵੀ ਛੇਤੀ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਨ।

'ਸੁੱਚੇ ਮੋਤੀ' ਨੂੰ ਰਿਲੀਜ਼ ਕਰਨ ਦੀ ਰਸਮ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਨਿਭਾਈ। ਉਨ੍ਹਾਂ ਕਿਹਾ ਕਿ ਖੜਗ ਸਾਹਿਬ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਹੈਰਾਨੀ ਭਰੀ ਖੁਸ਼ੀ ਹੋਈ ਹੈ। ਹਰ ਪੱਖ ਬਾਰੇ ਉਨ੍ਹਾਂ ਨੇ ਲਿਖਿਆ ਅਤੇ ਇਥੋਂ ਤੱਕ ਕਿ ਸਤਿਗੁਰੂ ਰਾਮ ਸਿੰਘ ਬਾਰੇ ਉਨ੍ਹਾਂ ਦੀਆਂ ਕਵਿਤਾਵਾਂ ਧਿਆਨ ਖਿੱਚਦੀਆਂ ਹਨ। ਇਸ ਤੋਂ ਇਲਾਵਾ ਬਹੁਤ ਵਧੀਆ ਵਾਰਤਕ ਵਿਚ ਉਹਨਾਂ ਪ੍ਰਸਿਧ ਨਾਮਧਾਰੀ ਇਤਿਹਾਸਕਾਰ ਸ਼ਾਇਰ ਗਿਆਨੀ ਕਾਲਾ ਸਿੰਘ ਦਾ ਜੀਵਨ ਬਿਰਤਾਂਤ ਲਿਖਿਆ ਹੈ।

ਭਾਸ਼ਾ ਅਫ਼ਸਰ ਸ. ਮਨਪ੍ਰੀਤ ਸਿੰਘ ਬੱਲ ਨੇ ਇੰਜੀ. ਕਰਮਜੀਤ ਸਿੰਘ ਨੂੰ ਇਸ ਕਾਰਜ ਲਈ ਵਧਾਈ ਦਿੱਤੀ ਤੇ ਕਿਹਾ ਕਿ ਅੱਜਕਲ੍ਹ ਵਿਰਲੇ ਸਪੁੱਤਰ ਹਨ, ਜੋ ਆਪਣੇ ਪਿਤਾ ਦੀ ਸਾਹਿਤਕ ਵਿਰਾਸਤ ਨੂੰ ਸਾਂਭਣ ਦਾ ਉਪਰਾਲਾ ਕਰਦੇ ਹਨ। ਪ੍ਰਧਾਨਗੀ ਭਾਸ਼ਣ 'ਚ ਸ. ਬੇਅੰਤ ਸਿੰਘ ਸਰਹੱਦੀ ਨੇ ਖੜਗ ਕਾਵਿ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੇ ਖੜਗ ਜੀ ਦੀ ਰਚੀ ਇੱਕ ਵਾਰ 'ਚੋਂ ਕੁੱਝ ਕੁ ਸਤਰਾਂ ਜੋਸ਼ ਭਰਪੂਰ ਆਵਾਜ਼ 'ਚ ਪੜ੍ਹ ਕੇ ਸੁਣਾਈਆਂ।

ਇਸ ਮੌਕੇ ਹੋਏ ਕਵੀ ਦਰਬਾਰ 'ਚ ਰਾਜਿੰਦਰ ਪਰਦੇਸੀ, ਡੀ.ਆਰ. ਧਵਨ, ਸ਼ਿਵ ਦੱਤ ਅਕਸ, ਸੁਰਿੰਦਰਜੀਤ ਕੌਰ, ਮਾਸਟਰ ਮਹਿੰਦਰ ਸਿੰਘ ਅਨੇਜਾ, ਰਵਿੰਦਰ ਸਿੰਘ ਸੂਦਨ, ਜਸਪਾਲ ਜ਼ੀਰਵੀ ਅਤੇ ਚਰਨ ਸੀਚੇਵਾਲਵੀ ਨੇ ਹਿੱਸਾ ਲਿਆ। ਰਣਜੀਤ ਮੈਮੋਰੀਅਲ ਚੈਰੀਟੇਬਲ ਟਰੱਸਟ ਦੀ ਚੇਅਰ ਕੋ-ਪਰਸਨ ਸ੍ਰੀਮਤੀ ਹਰਜਿੰਦਰ ਕੌਰ ਅਤੇ ਖੜਗ ਜੀ ਦੀ ਸਪੁੱਤਰੀ ਸ੍ਰੀਮਤੀ ਕਮਲਜੀਤ ਕੌਰ (ਕੈਨੇਡਾ) ਨੇ ਮਹਿਮਾਨਾਂ


Namdhari Elibrary NamdhariElibrary@gmail.com




ਪ੍ਰਸਿਧ ਵਾਰਤਾਕਾਰ ਅਤੇ ਕਵੀ ਸਵਰਗੀ ਰਣਜੀਤ ਸਿੰਘ ਖੜਗ ਦੀ ਪੁਸਤਕ ਸੁਚੇ ਮੋਤੀ ਰੀਲੀਜ਼ ਸਮਾਗਮ ਸਮੇਂ ਦੀ ਤਸਵੀਰ ਖਬਿਓਂ ਸ. ਕੁਲਦੀਪ ਸਿੰਘ ਸਪੀਡਵੇਜ਼, ਸ. ਬੇਅੰਤ ਸਿੰਘ ਸਰਹੱਦੀ, ਨਿਰਮਲ ਸਿੰਘ ਭੰਡਾਲ, ਇੰਜੀ. ਕਰਮਜੀਤ ਸਿੰਘ, ਸ. ਜਗਦੀਸ਼ ਸਿੰਘ ਵਰਿਆਮ, ਸ. ਮਨਪ੍ਰੀਤ ਸਿੰਘ ਬੱਲ, ਸ. ਕੁਲਵੰਤ ਸਿੰਘ ਆਦਿ।

ਦਾ ਬੁੱਕੇ ਭੇਟ ਕਰਕੇ ਸਵਾਗਤ ਕੀਤਾ।

ਇਸ ਸਮਾਗਮ ਵਿਚ ਸ਼ਿਕਰਤ ਕਰਨ ਵਾਲਿਆਂ 'ਚ ਕਰਨੈਲ ਸਿੰਘ ਨਿੱਝਰ, ਜਸਵੰਤ ਬੇਗੋਵਾਲ, ਫਕੀਰ ਚੰਦ ਤੁਲੀ, ਨਵਰਾਹੀ, ਰਿਤੂ ਕਲਸੀ, ਸੀ.ਐਲ.ਲੱਕੀ, ਡਾ. ਰਾਜਿੰਦਰ ਸਿੰਘ, ਮਨੋਹਰ ਲਾਲ, ਮੇਜਰ ਰਿਸ਼ੀ, ਗੁਰਬਚਨ ਸਿੰਘ ਰੱਖਰਾ ਤੇ ਜਤਿੰਦਰ ਵਿੱਗ ਸ਼ਾਮਿਲ ਹਨ।

## ਭਾਰਤ ਦਾ ਸਭ ਤੋਂ ਮਹਿੰਗਾ ਵਿਆਹ ਹੋਇਆ ੨੫੦ ਕਰੋੜ ਰੁਪਏ 'ਚ

ਨਵੀਂ ਦਿੱਲੀ— ਹਰਿਆਣਾ ਦੇ ਇਕ ਸਾਬਕਾ ਵਿਧਾਇਕ ਸੁਖਬੀਰ ਸਿੰਘ ਜੌਨਪੁਰੀਆ ਦੀ ਬੇਟੀ ਯੋਗਿਤਾ ਅਤੇ ਦਿੱਲੀ ਦੇ ਕਾਂਗਰਸੀ ਨੇਤਾ ਕੰਵਰ ਸਿੰਘ ਤੰਵਰ ਦੇ ਬੇਟੇ ਲਲਿਤ ਤੰਵਰ ਦਾ ਵਿਆਹ ਦੇਸ਼ ਦੇ ਹੁਣ ਤਕ ਹੋਏ ਸਭ ਤੋਂ ਮਹਿੰਗੇ ਵਿਆਹਾਂ ਵਿਚ ਰਿਹਾ ਹੈ। ਵਿਆਹ ਵਿਚ ਬਰਾਤੀ ਤਾਂ ਬਰਾਤੀ, ਭਗਵਾਨ ਨੂੰ ਵੀ ਦਿਲ ਖੋਲ੍ਹ ਕੇ ਚੜ੍ਹਾਵਾ ਚੜ੍ਹਾਇਆ ਗਿਆ। ਵਿਆਹ ਵਿਚ ਰਾਜਸਥਾਨ ਦੇ ਸਾਲਾਸਰ ਬਾਲਾਜੀ ਮੰਦਰ ਦੇ ਨਾਂ ੭੧ ਲੱਖ ਰੁਪਏ ਦਾ ਚੈਕ ਦਿੱਤਾ ਗਿਆ। ਆਸ-ਪਾਸ ਦੇ ਮੰਦਰਾਂ ਨੂੰ ਵੀ ਲੱਖਾਂ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਲਗਭਗ ੨੫੦ ਕਰੋੜ ਦੇ ਇਸ ਵਿਆਹ ਵਿਚ ਲਾੜੇ ਦਾ ਟਿੱਕਾ ਢਾਈ ਕਰੋੜ ਦਾ ਕੀਤਾ ਗਿਆ। ਪਰਿਵਾਰ ਦੇ ੧੯ ਮੈਂਬਰਾਂ ਦਾ ਟਿੱਕਾ ਇਕ-ਇੱਕ ਕਰੋੜ ਰੁਪਏ ਵਿਚ ਕੀਤਾ ਗਿਆ। ਵਿਆਹ ਵਿਚ ਆਏ ੨੦੦੦ ਦੇ ਲਗਭਗ ਬਰਾਤੀਆਂ ਨੂੰ ੩੦-੩੦ ਗ੍ਰਾਮ ਦੇ ਚਾਂਦੀ ਦੇ ਬਿਸਕੁਟ, ਇੱਕ-ਇੱਕ ਸਫਾਰੀ ਸੂਟ ਅਤੇ ੧੧੦੦੦ ਤੋਂ ੨੧੦੦੦ ਰੁਪਏ ਤਕ ਨਕਦ ਦਿੱਤੇ ਗਏ। ਵਿਆਹ ਦੇ ਪੰਡਾਲ ਤੋਂ ੪ ਕਿਲੋਮੀਟਰ ਦੇ ਘੇਰੇ ਵਿਚ ਬਹੁਤ ਵਧੀਆ ਜਗਮਗਾਉਂਦੀਆਂ ਲਾਈਟਾਂ ਲਾਈਆਂ ਗਈਆਂ ਸਨ। ਬਰਾਤੀਆਂ ਦੇ ਰਸਤੇ ਫੁੱਲਾਂ ਨਾਲ ਮਹਿਕ ਰਹੇ ਸਨ। ਫੁੱਲਾਂ ਦਾ ਪ੍ਰਬੰਧ ਕੋਲਕਾਤਾ ਤੋਂ ਲੈ ਕੇ ਬੈਂਕਾਕ ਤਕ ਤੋਂ ਕੀਤਾ ਗਿਆ ਸੀ। ੭ ਘੋੜਿਆਂ ਵਾਲੇ ਰੱਥ ਵਿਚ ਸਵਾਰ ਹੋ ਕੇ ਲਾੜਾ ਜਿਵੇਂ ਹੀ ਵਿਆਹ ਵਾਲੇ ਮੰਡਪ ਵਿਚ ਪੁਜੇ ਤਾਂ ਪੂਰਾ ਆਸਮਾਨ ਰੰਗ-ਬਿਰੰਗੀਆਂ ਲਾਈਟਾਂ ਨਾਲ ਸਤਰੰਗੀ ਹੋ ਗਿਆ। ਕੁੜਮਾਈ 'ਤੇ ਲਾੜੇ ਨੂੰ ੪੫ ਕਰੋੜ ਰੁਪਏ ਦਾ ਹੈਲੀਕਾਪਟਰ ਦਿੱਤਾ ਗਿਆ ਸੀ।

*-ਜਗ ਬਾਣੀ 3 ਮਾਰਚ 2011*

## ਐਸ. ਪੀ. ਐਸ ਇੰਟਰਨੈਸ਼ਨਲ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ

ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ, ਸ੍ਰੀ ਜੀਵਨ ਨਗਰ (ਸਿਰਸਾ) ਦੇ ਵਿਹੜੇ ਵਿਚ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀਮਾਨ ਠਾਕੁਰ ਉਦੇ ਸਿੰਘ ਜੀ ਸਨ। ਇਸ ਮੌਕੇ ਤੇ ਬੱਚਿਆਂ ਨੇ ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤੇ। ਸਮੂਹ ਇਲਾਕਾ ਨਿਵਾਸੀਆਂ ਅਤੇ ਬੱਚਿਆਂ ਦੇ ਮਾਤਾ ਪਿਤਾ ਨੇ ਇਸ ਪ੍ਰੋਗਰਾਮ ਵਿਚ ਆਪਣੀ ਹਾਜ਼ਰੀ ਦਰਜ ਕਰਵਾਈ।

ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਬਦ 'ਮੇਰੀ ਪ੍ਰੀਤ ਗੁਰ ਜਗਜੀਤ ਜੀ ਦੇ ਨਾਲ' ਧਾਰਮਿਕ ਸ਼ਬਦ ਨਾਲ ਕਾਰਜਕ੍ਰਮ ਦਾ ਅਰੰਭ ਕੀਤਾ। ਉਪਰੰਤ ਨਰਸਰੀ ਸ਼੍ਰੇਣੀ ਦੇ ਵਿਦਿਆਰਥੀਆਂ ਨੇ ਪ੍ਰਾਰਥਨਾ 'ਮੂਲ ਮੰਤਰ' ਪੇਸ਼ ਕੀਤੀ। ਮਨਪ੍ਰੀਤ ਹੰਸ ਨੇ ਲੜਕੀਆਂ ਨੂੰ ਸਮਰਪਿਤ ਗੀਤ "ਐਨਾ



Namdhari Elibrary NamdhariElibrary@gmail.com

ਲਾਡ ਲੜਾ ਨਾ ਆਏ ਇਕ ਦਿਨ ਔਖੀ ਹੋਵੇਂਗੀ" ਗਾ ਕੇ ਹਾਜ਼ਰ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸ ਉਪਰੰਤ ਜਨਰਲ ਸਕੱਤਰ, ਸ. ਰਸ਼ਪਾਲ ਸਿੰਘ ਜੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਬੁੱਕੇ ਭੇਂਟ ਕਰਨ ਦੀ ਰਸਮ ਦੀ ਘੋਸ਼ਣਾ ਕੀਤੀ। ਮਾਸਟਰ ਅਮਰੀਕ ਸਿੰਘ ਜੀ ਅਤੇ ਪ੍ਰਿੰਸੀਪਲ ਨਰਿੰਦਰ ਪਾਲ ਸਿੰਘ ਨੇ ਠਾਕੁਰ ਜੀ ਨੂੰ ਬੁੱਕੇ ਭੇਟ ਕੀਤੇ ਅਤੇ ਸ. ਸੁਖਦੇਵ ਸਿੰਘ ਸੰਧੂ ਨੇ ਮਲਕੀਤ ਸਿੰਘ ਖੋਸਾ ਨੂੰ ਬੁੱਕੇ ਭੇਟ ਕੀਤਾ।

ਇਸ ਤੋਂ ਬਾਅਦ ਚੌਥੀ ਜਮਾਤ ਦੇ ਵਿਦਿਆਰਥੀ ਹਰਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਅਤੇ ਕੌਤਕਾਂ ਤੇ ਰੋਸ਼ਨੀ ਪਾਈ। ਉਪਰੰਤ ਸ੍ਰੀਮਾਨ ਠਾਕੁਰ ਉਦੇ ਸਿੰਘ ਜੀ ਨੇ ਬੀਤੇ ਵਰ੍ਹੇ ਦੌਰਾਨ ਹੋਈਆਂ ਵੱਖ ਵੱਖ ਪ੍ਰਤੀਯੋਗਤਾਵਾਂ ਵਿਚ ਵਿਜੇਤਾ ਬੱਚਿਆਂ ਨੂੰ ਇਨਾਮਾਂ ਦੀ ਬਖਸ਼ਿਸ਼ ਕੀਤੀ। ਨਾਮਧਾਰੀ ਡਰੈਸ ਪ੍ਰਤੀਯੋਗਿਤਾ, ਗੁਰਬਾਣੀ ਪਾਠ ਪ੍ਰਤੀਯੋਗਤਾ ਅਤੇ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਮ ਦਿੱਤੇ ਗਏ।

ਦੁਬਾਰਾ ਪ੍ਰੋਗਰਾਮ ਸ਼ੁਰੂ ਕਰਦਿਆਂ ਦੂਜੀ ਜਮਾਤ ਦੇ ਬੱਚਿਆਂ ਨੇ 'ਬੜਤੇ ਚਲੋਂ' ਗੀਤ ਤੇ ਕੋਰੀਉਗਰਾਫੀ ਪੇਸ਼ ਕੀਤੀ, ਜਿਸ ਵਿਚ ਰਾਸ਼ਟਰੀ-ਸੈਨਾ ਦੇ ਤਿੰਨੋਂ ਅੰਗ ਪੇਸ਼ ਕੀਤੇ ਗਏ। ਧੀਆਂ ਨੂੰ ਸਮਰਪਿਤ ਗੀਤ 'ਵਸਦਾ ਰਹੇ ਬਾਬੁਲ ਦਾ ਵਿਹੜਾ' ਅਤੇ 'ਧੀਆਂ ਕੁੱਖ ਦੇ ਵਿਚ ਨਾ ਮਾਰੋ ਲੋਕੋ ਨਾ ਇਹ ਕਹਿਰ ਗੁਜਾਰੋ' ਦੀ ਕੋਰੀਉਗਰਾਫੀ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਪੰਜਾਬੀ ਲੋਕ ਨਾਚ 'ਗਿੱਧਾ ਅਤੇ ਭੰਗੜਾ ਨੇ ਵਾਰੀ ਵਾਰੀ ਦਰਸ਼ਕਾਂ ਨੂੰ ਥੈਠ ਜਾਣ ਲਈ ਮਜਬੂਰ ਕਰ ਦਿੱਤਾ। ਰਾਸ਼ਟਰੀ ਗਾਣ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਐਸ. ਪੀ. ਐਸ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਨੇ ਸ੍ਰੀਮਾਨ ਠਾਕੁਰ ਉਦੇ ਸਿੰਘ ਜੀ ਨੂੰ ਸਨਮਾਨ ਚਿੰਨ ਭੇਂਟ ਕੀਤਾ।

*ਰਿਪੋਰਟ —ਸੁਖਦੇਵ ਸਿੰਘ ਢਿਲਾੁ*

## ६-१-२०११ से ६-२-२०११ तक औरंगाबाद ( महाराष्ट्र ) में हुये बसंत के मेले की रिपोर्ट

श्री सतिगुरु जी की कृपा से श्री सतिगुरु रामसिंह जी महाराज का १९६वां प्रकाश उत्सव-बसंत पंचमी ६.१.२०११ से ६.०२.२०११ तक श्री रामहरी सचखंड मंदिर, नामधारी फार्मस औरंगाबाद पर बड़ी धूम धाम से मनाया गया जिसमें पंजाब व हरियाणा से बहुत सारे संतजन आये, पंडित हरभजन सिंह जी खंडूवालीए अपने अखंड पाठ के जत्थे के साथ आये, जत्थेदार पाला सिंह, जत्थेदार जसविंद्र सिंह, संत परमजीत सिंह, महिला जत्थेदार बीबी बलबीर कौर, बीबी सुरजीत कौर, बीबी हरजीत कौर अपने जत्थे के साथ आये, जत्थेदार अवतार सिंह जी भी गवालियर से यहाँ पहुंचे।

६.०२.२०११ को सुबेरे ४ बजे जप प्रयोग की अरदास के साथ कार्यक्रम आरंभ हुआ, जप प्रयोग ४.०० से ६.३० तक, आसा दी वार का किर्तन ५.०० से ६.३० तक, ६.३० से ८ बजे तक हवन व वरनी, दुपहर २ से ३ तक भगौती सिमरण शाम ६.००-८.३० नाम सिमरण ६.०० से ७.०० कथा पंडित जी ७ से ७.१५ महाराष्ट्रीयन बच्चों का गायन, ७.१५ से ८.३० तक जत्थेदार साहिबान का दीवान उपरंत अरदास एवंम लंगर, यह कार्यक्रम एक महीना ५.०२.२०११ तक चलता रहा, बीच बीच में महाराष्ट्र के ११ श्री हरी भक्त परायण संत महात्मायों के प्रवर्चन व कीर्तन ११ दिन तक शाम ७.०० से ९.०० बजे तक अलग अलग तिथियों में होते रहें जिसमें २५ आदमी ताल बजाते २ आदमी मृदंग व एक या दो आदमी हरमोनियम बजाते, सिर्फ एक दिन पूना के पांडव बंधुओं ने जुगलबंदी कीर्तन किया जिसमें वे ताल खुद बजाते थे, एक आदमी तबले पर एक हरमोनियम पर था, इन सभी का मंदिर की तरफ से शाल, आसन, पऊवे, माला, गढ़वा व नामधारी इतिहास प्रो. तारासिंह जी अनजान व सतिगुरु जगजीत सिंह एक विराट स्वरूप, हरिश्चंद जी अरोड़ा लिखित ग्रंथ देकर सम्मान किया गया व ताल, मृदंग व हरमोनियम वालों को एक-एक माला, सतिगुरु प्रताप सिंह जी व सतिगुरु जगजीत सिंह जी की तस्वीर वाले पैंपलेंट भेंट किये गये। श्री आदि ग्रंथ साहिब के अखंड पाठ भी एक महीना चलते रहे। कुल २५ अखंड पाठ ३० हवन व ३० चौपई की वरनी की गई, ५ अखंड पाठ १० हवन व १० वरनी श्री सतिगुरु जगजीत सिंह जी महाराज की देह अरोगता के लिए व बाकी के अलग अलग कामों के लिए अरदास हुई।

संत परमजीत सिंह जी सुबेरे वारे का कीर्तन पूरा महीना करते रहे व शाम को जत्थेदार पाला सिंह जी के साथ हरमोनियम बजाते रहे। बाबा शिंदाजी ताल पर व अमनदीप सिंह (ढोलकी) व और भी ताल बजाने वाले साथ में ताल बजाते रहे, जत्थेदार पाला सिंह जी खड़तालें बजाते व मस्ती में नाच नाच कर सतिगुरु जी का जस करते रहे, जत्थेदार



Namdhari Elibrary NamdhariElibrary@gmail.com

अवतार सिंह जी एक हफ्ता प्रभावशाली दीवान लगाकर वापिस चले गये, पंडित हरभजन सिंह जी काफी दिन अस्वस्थ रहे उनकी जगह उस दिन उनके भाई साहिब संत सतपाल सिंह जी व संत परमजीत सिंह जी कथा करते रहे। जत्थेदार जसविंद्र सिंह जी, बीबी बलबीर कौर, बीबी सुरजीत कौर, बीबी हरजीत कौर आखरी हफ्ते में आये व अंत तक रहे। सभी जत्थेदार साहिबान ने अपने-अपने ढंग से श्री सतिगुरु जी का जस गायन किया संत निशान सिंह लांगरी व संत बलदेव सिंह लांगरी इन दोनों ने रात दिन लंगर की सेवा की व अखंड पाठ में लगे संत जनो की भी बहुत सेवा की।

०६.०२.२०११ को समाप्ती थी, सुबेरे ६.३० बजे आसा दी वार के कीर्तन की समाप्ती के साथ ही जप प्रयोग की समाप्ती हुई, उपरंत १०.३० बजे सुबेरे कार्यक्रम का शुभारंभ हुआ, पहले श्री हरिभक्त पारायण तुका दास काटे गुरु जी जो बच्चों को संगीत सिखाते हैं, प्रवचन व शब्द गायन किया, फिर महाराष्ट्रीयन बच्चों का शब्द गायन हुआ, कुमारी सरला ने पढ़ा ''धन धन हमारे भाग घर आया पिर मेरा'' कुमारी ज्ञानदेवी ने पढ़ा ''आज हमारे गृह बसंत'' उपरंत जत्थेदार पाला सिंह जी ने ''नहीं ते सिखी वाली रीत मिट जांदी रखी गुरु राम सिंह ने'' धारणा के साथ दीवान का शुभारंभ किया व सोहनिया दे सोहने धन गुरु रामसिंह, रबी ज्योति श्री मैणी साहिब प्रगटाई ऐ, इस धारणा के साथ समाप्ती की, उपरंत बीबी बलबीर कौर जी ने धुम मचा दी ''चढ़िया जी अज सचदा चंद्रमा'' धारणा के साथ दीवान आरंभ किया व ''प्रगटे गोपाल लाल सतिगुरु राम सिंह'', नामधारी पंथ नू वधाई ऐ वधाई ए धारणा के साथ समाप्ती की फिर बीबी सुरजीत कौर ने ''सोहणा चंद भैणी विच चढ़िया, जग देखन वाला चढ़िया'' की धारणा के साथ शुभारंभ किया व ''वाह वाह जी गढ़वा कूकियां दा'' के साथ समाप्ति की। उपरंत जत्थेदार जसविंद्र सिंह जी ने ''सतिगुरु मुरत को बल जायों'' की धारणा के साथ शुभारंभ किया व ''चुकला फिरंगिया डेरा खालसे ने राज करना'' की धारणा के साथ दीवान की समाप्ती की। भाई खड़ग सिंह जी ग्रंथी गुरुद्वारा भाई दया सिंह जी ने सतिगुरु महिमा पर १५ मिनट अपने विचार रखे, उपरंत हरभजन सिंह जी नामधारी ने सभी का धन्यवाद किया व धारणा पढ़ी ''मेरे पिया नूं लियांवी नाल रूते नी बसंत दिये'' उपरंत पंडित हरभजन सिंह जी ने एक घंटा अपने प्रवचनों में सतिगुरु जी का जस विस्तार से सुनाया, अंत में श्री सुभाष राव जवकर जो मंदिर के सेक्रेटरी हैं सभी का धन्यवाद किया व पंडित जी ने ३.३० बजे शाम को समाप्ती की अरदास की, उपरंत लंगर रात तक चलता रहा, पंडित जी के हाथों बच्चों व मंदिर में काम करने वाले लोगों का सम्मान किया गया।

७.०२.२०११ की रात ८.०० से रात १०.३० तक संत तुकाराम महाराज वारकरी आश्रम गांधेली में जत्थेदार पाला सिंह जी, बीबी बलबीर कौर बीबी सुरजीत कौर व जत्थेदार जसविंद्र सिंह जी ने क्रमवार दीवान लगाये।

०८.०२.२०११ का बसंत पंचमी का कार्यक्रम भार्डी गांव जो यहाँ से १०० किलोमीटर है वहाँ सुबेरे ११ बजे से २ बजे तक कार्यक्रम हुआ, चारों जत्थेदारों ने क्रम वार दीवान लगाये व सतिगुरु जी का जस सुनाया, गांव के आधे से ज्यादा लोग उपस्थित थे अरदास के बाद लंगर का वितरण हुआ।

१०.०२.२०११ को सभी संत जन वापिस चले गये।

*-सुभाष राव जवकर, सचिव*
*श्री राम हरी सचखंड मंदिर*
*झाल्टा-औरंगाबाद*

## ਕਾਮਰੇਡ ਰਾਜ ਦੀ ਯਾਦ ਵਿਚ ਸਾਹਿਤਕ ਸਮਾਗਮ ਪ੍ਰੋ. ਸੁਖਦੇਵ ਸਿੰਘ 'ਸਿਰਸਾ' ਵਲੋਂ ਸੂਫੀ ਕਾਵਿ ਦੀ ਲੋਕ ਜੀਵਨ ਤੇ ਪ੍ਰਭਾਵ ਬਾਰੇ ਚਰਚਾ

ਰਾਣੀਆਂ (ਸਿਰਸਾ) ੬ ਮਾਰਚ ੨੦੧੧ - ਇਲਾਕੇ ਦੇ ਉੱਘੇ ਕਮਿਊਨਿਸਟ ਆਗੂ ਅਤੇ ਸਮਾਜ ਸੇਵੀ ਕਾ. ਜਸਵੰਤ ਸਿੰਘ ਰਾਜ (੧੯੩੦-੯੭) ਦੀ ਸਾਲਾਨਾ ਬਰਸੀ, ਉਹਨਾਂ ਦੇ ਨਾਂ ਤੇ ਹੀ ਇੱਥੇ ਬਣੇ ਰਾਜ ਮੈਰਿਜ ਪੈਲੇਸ ਵਿਚ ਬੜੀ ਇਕਾਗਰਤਾ ਅਤੇ ਅਕੀਦਤ ਨਾਲ ਮਨਾਈ ਗਈ। ਸ਼੍ਰੋਤਿਆਂ ਵਲੋਂ ਉਹਨਾਂ ਦੇ ਚਿਤਰ ਤੇ ਪੁਸ਼ਪਾਂਜਲੀ ਅਰਪਿਤ ਕਰਨ ਬਾਅਦ ਕਾਮਰੇਡ ਰਾਜ ਸਿੰਘ ਨਾਲ ਲੰਮਾ ਸਾਥ ਬਿਤਾਉਣ ਵਾਲੇ ਉਘੇ ਕਿਸਾਨ ਆਗੂ ਕਾ. ਜਸਵੰਤ ਸਿੰਘ ਜੋਸ਼ ਨੇ ਉਹਨਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਉਹਨਾਂ ਨੂੰ ਮਿਹਨਤਕਸ਼ਾਂ ਦੀ ਮੁਕਤੀ ਲਈ ਸੰਘਰਸ਼ ਕਰਨ ਵਾਲੇ ਸਾਥੀ ਦੇ ਤੌਰ ਤੇ ਯਾਦ ਕੀਤਾ। ਸੀ. ਪੀ. ਆਈ. ਹਰਿਆਣਾ ਸੂਬਾ ਕਮੇਟੀ ਦੇ ਮੈਂਬਰ ਕਾ. ਸੁਵਰਨ ਸਿੰਘ ਵਿਰਕ ਨੇ ਰਾਜ ਹੋਰਾਂ ਨੂੰ ਸ਼ਰਧਾ ਪੁਸ਼ਪ ਭੇਟ ਕਰਦਿਆਂ,



Namdhari Elibrary NamdhariElibrary@gmail.com

ਉਹਨਾਂ ਦੀਆਂ ਇਸ ਇਲਾਕੇ ਲਈ ਜਮਹੂਰੀ ਅੰਦੋਲਨ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ ਅਤੇ ਆਪਣੇ ਪਿਤਾ ਦੀ ਸਿਮਰਤੀ ਵਿਚ ਕੈਨੇਡਾ ਤੋਂ ਇੱਥੇ ਆ ਕੇ, ਹਰ ਵਰ੍ਹੇ ਨਰੋਆ ਅਤੇ ਬਦਲਵਾਂ ਸੱਭਿਆਚਾਰ ਪੇਸ਼ ਕਰਨ ਲਈ, ਹਰਦੇਵ ਵਿਰਕ ਐਡਮਿੰਨਟਨ ਨੂੰ ਮਿਸਾਲੀ ਕੰਮ ਕਰਨ ਵਾਲਾ ਕਿਹਾ। ਇਸ ਸਬੰਧ ਵਿਚ ਉਹਨਾਂ 'ਕਾਮਰੇਡ ਜਸਵੰਤ ਸਿੰਘ 'ਰਾਜ' ਯਾਦਗਾਰੀ ਕਮੇਟੀ' ਵੀ ਬਣਾਈ ਹੈ।

ਇਸ ਮੌਕੇ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾ. ਸੁਖਦੇਵ ਸਿੰਘ ਸਿਰਸਾ ਨੇ ਸੂਫੀਵਾਦ ਅਤੇ ਸੂਫੀਆਂ ਦੀ ਕਵਿਤਾ ਦਾ ਭਾਰਤੀ ਅਤੇ ਪੰਜਾਬੀ ਲੋਕ ਜੀਵਨ ਤੇ ਪ੍ਰਭਾਵ ਦੀ ਵਿਆਪਕ ਚਰਚਾ ਕੀਤੀ। ਉਹਨਾਂ ਕਿਹਾ ਕਿ ਸੂਫੀਆਂ ਨੇ ਕਦੇ ਵੀ ਹਿੰਦੁਸਤਾਨ ਨੂੰ ਵੰਡਣ ਵਾਲੀ ਗੱਲ ਨਹੀਂ ਕੀਤੀ, ਸਗੋਂ ਇਕ ਸਾਂਝੇ ਹਿੰਦੁਸਤਾਨ ਲਈ ਅਤੇ ਸੰਯੁਕਤ ਸੱਭਿਆਚਾਰ ਲਈ ਯਤਨ ਕੀਤੇ ਸਨ। ਉਹਨਾਂ ਦੱਸਿਆ ਕਿ ਪੰਜਾਬ ਵਿਚ ਬਨੂੜ ਸੂਫੀਆਂ ਦਾ ਬਹੁਤ ਵੱਡਾ ਕੇਂਦਰ ਸੀ। ਉਨ੍ਹਾਂ ਕਿਹਾ ਕਿ ਬਾਬਾ ਫਰੀਦ ਅਤੇ ਹੋਰ ਪ੍ਰਸਿੱਧ ਸੂਫੀ, ਬੇਸ਼ਕ ਬਾਦਸ਼ਾਹਾਂ ਦੇ ਨਿਕਟ ਸੰਬੰਧੀ ਸਨ, ਪ੍ਰੰਤੂ ਉਹਨਾਂ ਕਦੇ ਵੀ ਰਾਜ ਦਰਬਾਰ ਨਾਲ ਕੋਈ ਸਾਂਝ ਰੱਖਣ ਦੀ ਬਜਾਏ ਸਧਾਰਨ ਲੋਕਾਂ ਨਾਲ ਮੇਲ ਜੋਲ ਰੱਖਿਆ ਅਤੇ ਉਹਨਾਂ ਦੇ ਦੁਖ ਸੁਖ ਦੇ ਸੀਰੀ ਰਹੇ। ਉਨ੍ਹਾਂ ਕਿਹਾ ਕਿ ਸੂਫੀ ਸਾਰੇ ਸੰਸਾਰ ਲਈ ਬਹੁਤ ਵੱਡਾ ਸਬਕ ਹਨ ਅਤੇ ਜੇਕਰ ਹਮਦਰਦੀ ਅਤੇ ਸ਼ਾਂਤੀ ਵਾਲਾ ਮਾਹੌਲ ਬਨਾਉਣਾ ਹੈ ਤਾਂ ਸੂਫੀਆਂ ਨੂੰ ਰੋਲ ਮਾਡਲ ਬਨਾਉਣ ਦੀ ਜ਼ਰੂਰਤ ਹੈ। ਡਾ. ਸੁਖਦੇਵ ਸਿੰਘ ਨੇ ਕਿਹਾ ਕਿ ਸੂਫੀਆਂ ਦੀ ਵਿਚਾਰਧਾਰਾ ਲੋਕ ਪੱਖੀ ਹੈ ਅਤੇ ਲੋਕਾਂ ਵਿਚ ਏਕਤਾ ਕਾਇਮ ਕਰਨ ਵਾਲੀ ਹੈ।

ਇਸ ਮੌਕੇ ਤੇ ਪ੍ਰਸਿੱਧ ਰੰਗ ਕਰਮੀ, ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਿਤ ਸ਼ਿਵ ਕੁਮਾਰ ਦੇ ਮਹਾਂ-ਕਾਵਿ ਲੂਣਾ ਦਾ ਨਾਟਕੀ ਰੂਪਾਂਤਰਣ ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਸਲਵਾਨ ਦੀ ਭੂਮਿਕਾ ਖੁਦ ਕੇਵਲ ਧਾਲੀਵਾਲ ਨੇ ਨਿਭਾਈ, ਜਦੋਂ ਕਿ ਇੱਛਰਾਂ ਦਾ ਰੋਲ ਜਤਿੰਦਰ ਕੌਰ ਨੇ ਕੀਤਾ। ਇਸ ਤੋਂ ਇਲਾਵਾ ਕੁਲਦੀਪ, ਫਿਰੋਜ਼, ਸਿਮਰਨ, ਡੌਲ ਆਦਿ ਕਲਾਕਾਰਾਂ ਨੇ ਵੀ ਆਪਣੀਆਂ ਭੂਮਿਕਾਵਾਂ ਬਾਖੂਬੀ ਨਿਭਾਈਆਂ। ਇਸ ਮੌਕੇ ਤੇ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਜਸਵਿੰਦਰ ਜੱਸਾ ਆਦਿ ਨੇ ਮਾਸਟਰ ਰਾਮ ਕੁਮਾਰ ਦੇ ਨਿਰਦੇਸ਼ਨ ਵਿਚ ਸਾਹਿਤਕ ਗੀਤਾਂ ਦਾ ਗਾਇਨ ਕੀਤਾ। ਇਸ ਤਰ੍ਹਾਂ ਹੀ ਗਾਇਕਾ ਤਰੰਨਮ ਭਾਰਤੀ ਨੇ ਵੀ ਆਪਣੀ ਮਧੁਰ ਆਵਾਜ਼ ਵਿਚ ਵਧੀਆ ਗੀਤ ਗਾਏ। ਗਦਰ ਲਹਿਰ ਦੇ ਸ਼ਹੀਦਾਂ ਦੀ ਚਿਤਰ ਪ੍ਰਦਰਸ਼ਨੀ ਤੋਂ ਵੀ ਨਵੀਂ ਪੀੜ੍ਹੀ ਨੇ ਬਹੁਤ ਕੁਝ ਸਿਖਿਆ। ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵਲੋਂ ਉਤਕ੍ਰਿਸ਼ਟ ਸਾਹਿਤ ਦੀ ਪੁਸਤਕ ਪਰਦਰਸ਼ਨੀ ਲਾਈ ਗਈ। ਸਮਾਗਮ ਦਾ ਮੰਚ ਸੰਚਾਲਨ ਪਰਬੁੱਧ ਸਾਹਿਤਕਾਰ ਨਰਭਿੰਦਰ ਸਿੰਘ ਨੇ ਕੀਤਾ। ਚੱਲਦੇ ਪ੍ਰੋਗਰਾਮ ਦੇ ਨਾਲ ਨਾਲ ਹੀ ਦਿਨ ਭਰ ਲੰਗਰ ਵੀ ਵਰਤਦਾ ਰਿਹਾ। ਕਾਮਰੇਡ ਰਾਜ ਦੀ ਯਾਦ ਵਿਚ ਇਹ ਸਾਹਿਤਕ ਅਤੇ ਸਭਿਆਚਾਰਕ ਮੇਲਾ ਅਮਿੱਟ ਛਾਪ ਛੱਡ ਗਿਆ ਜਿਸ ਵਿਚ ਸੈਂਕੜਿਆਂ ਦੀ ਸੰਖਿਆ ਵਿਚ ਸੰਜੀਦਾ ਸਰੋਤੇ ਸ਼ਾਮਲ ਹੋਏ।

## ਮੁੰਬਈ 'ਚ ਪੰਜਾਬੀ ਸਮਾਚਾਰ ਪੱਤਰ "ਲੋਕ-ਪੰਜਾਬ" ਦਾ ਰਿਲੀਜ਼ ਸਮਾਗਮ

ਨਵੀਂ ਮੁੰਬਈ (ਡੀ. ਆਰ. ਧਵਨ) - ਇਕ ਲੰਬੇ ਇੰਤਜ਼ਾਰ ਤੋਂ ਬਾਅਦ ਮੁੰਬਈ ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਪੰਜਾਬੀ ਸਮਾਚਾਰ-ਪੱਤਰ 'ਲੋਕ ਪੰਜਾਬ' ਦਾ ਉਦਘਾਟਨ ਬੀਤੇ ਦਿਨੀ ਸੀ. ਬੀ. ਡੀ ਬੇਲਾਪੁਰ ਨਵੀਂ ਮੁੰਬਈ 'ਚ ਪੰਜਾਬ ਹੈਰੀਟੇਜ ਭਵਨ ਵਿਖੇ ਪੰਜਾਬੀ ਕਲਚਰਲ ਐਂਡ ਵੇਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਅਦਾਰਾ 'ਲੋਕ ਪੰਜਾਬ' ਵਲੋਂ ਬੜੇ ਹੀ ਵਿਸ਼ਾਲ ਪੱਧਰ 'ਤੇ ਕੀਤੇ ਗਏ ਸਮਾਗਮ ਵਿਚ ਕੀਤਾ ਗਿਆ। ਪੰਜਾਬੀਆਂ ਦੀ ਇਕ ਹੋਰ ਨਵੀਂ ਬਣੀ ਸੰਸਥਾ 'ਪਾਵਰ ਗਰੁੱਪ' ਵਲੋਂ ਗੀਤ-ਸੰਗੀਤ ਤੇ ਨਾਚ ਸਕਿੱਟ ਰਾਹੀਂ 'ਲੋਕ-ਪੰਜਾਬ' ਦੀ ਘੁੰਡ ਚੁਕਾਈ ਦੀ ਰਸਮ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਅਦਾ ਕੀਤੀ ਗਈ। ਮੁੱਖ ਮਹਿਮਾਨ ਸ. ਚਰਨ ਸਿੰਘ ਸਪਰਾ ਐਮ. ਐਲ. ਏ ਨੇ ਇਸ ਮੌਕੇ 'ਤੇ ਜਿੱਥੇ 'ਲੋਕ ਪੰਜਾਬ' ਪਰਚੇ ਦੀ ਸਥਾਪਤੀ ਲਈ ਸਾਰਿਆਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਉਥੇ ਇਹ ਵੀ ਬੜੇ ਜ਼ੋਰਦਾਰ ਸ਼ਬਦਾਂ ਨਾਲ ਕਿਹਾ ਕਿ ਮਹਾਰਾਸ਼ਟਰਾ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਇੱਥੋਂ ਦੀਆਂ ਸੰਸਥਾਵਾਂ ਨੂੰ ਨਵੀਂ ਮੁੰਬਈ ਤੋਂ ਸੇਧ ਲੈਣੀ ਪਵੇਗੀ। ਸ. ਭੁਪਿੰਦਰ ਸਿੰਘ ਸਾਧੂ, ਪ੍ਰਧਾਨ ਧਰਮ ਪ੍ਰਚਾਰ ਵਿੰਗ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਸਟੇਟ, ਸ. ਸੁਦੀਪ ਸਿੰਘ, ਸੰਪਾਦਕ 'ਜਨ ਹਿਤ' ਅਤੇ ਮੀਡੀਆ ਸੈਕ੍ਰੇਟਰੀ, ਸ਼੍ਰੋਮਣੀ ਅਕਾਲੀ ਦਲ ( ਬਾਦਲ) ਦਿੱਲੀ ਸਟੇਟ, ਕੌਂਸਲਰ ਡਾ. ਅਵਤਾਰ ਕੌਰ ਸੋਖੀ, ਸ੍ਰੀ ਆਰ. ਸੀ ਸਿੰਘ, ਚੇਅਰਮੈਨ, ਬੀ. ਪੀ. ਮੈਰਾਈਨ, ਨਵੀਂ ਮੁੰਬਈ ਅਤੇ ਡਾ. ਲੂਕਾ ਫੋਨਟਾਨਾ, ਸੀਈਓ ਬਿਰਲਾ ਸਾਇੰਸ ਟੈਕਨਾਲੋਜੀ ਕੰਪਨੀ ਲਿਮਟਿਡ ਨੇ ਇਸ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। 'ਲੋਕ ਪੰਜਾਬ' ਦੇ ਪ੍ਰਕਾਸ਼ਕ-ਸੰਪਾਦਕ ਸ. ਪਰਮਜੀਤ ਸਿੰਘ ਠੁਕਰਾਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਵਾਅਦਾ ਕੀਤਾ ਕਿ ਤੁਹਾਡੇ ਸਹਿਯੋਗ ਸਦਕਾ 'ਲੋਕ ਪੰਜਾਬ' ਨੂੰ ਜਲਦੀ ਹੀ ਸਪਤਾਹਿਕ ਪਰਚੇ ਦੇ ਰੂਪ ਵਿਚ ਤੁਹਾਡੇ ਤੱਕ ਪੁਜਦਾ ਕੀਤਾ ਜਾਵੇਗਾ। ਸਮਾਗਮ ਦੀ ਸ਼ੁਰੂਆਤ ਸ. ਸੰਤੋਖ ਸਿੰਘ ਸੰਧੂ ਆਈ. ਏ. ਐਸ ਡਿਵੀਜ਼ਨਲ ਕਮਿਸ਼ਨਰ ਕੋਂਕਣ ਡਿਵੀਜ਼ਨ, ਮਹਾਰਾਸ਼ਟਰਾ ਵੱਲੋਂ ਭਵਨ


Namdhari Elibrary NamdhariElibrary@gmail.com

ਵਿਚ ਬਣਾਈ ਗਈ ਬਾਬਾ ਸ਼ੇਖ ਫ਼ਰੀਦ ਲਾਇਬ੍ਰੇਰੀ ਅਤੇ 'ਲੋਕ ਪੰਜਾਬ' ਸਮਾਚਾਰ-ਪੱਤਰ ਦੇ ਸਬ-ਆਫ਼ਿਸ ਦਾ ਉਦਘਾਟਨ ਦੀਵਿਆਂ ਦੀ ਲੋਅ ਵਿਚ ਕਰਕੇ ਕੀਤੀ ਗਈ। ਪੰਜਾਬੀ ਕਲਚਰਲ ਐਂਡ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਲੈਫ ਕਮਾਂਡਰ (ਰਿਟਾ.) ਸ. ਗੁਰਬਖਸ਼ ਸਿੰਘ ਨੇ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਐਸੋਸੀਏਸ਼ਨ ਵੱਲੋਂ 'ਲੋਕ ਪੰਜਾਬ' ਦੇ ਵਿਸਥਾਰ ਲਈ ਭਵਿੱਖ ਵਿਚ ਹਰ ਸੰਭਵ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਪਰੰਤ ਸ. ਸੰਧੂ ਦੀ ਪ੍ਰਧਾਨਗੀ ਵਿਚ ਪੰਜਾਬੀ ਕਵੀ ਦਰਬਾਰ ਹੋਇਆ। ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਕਵੀ ਰਾਜਿੰਦਰ ਪ੍ਰਦੇਸੀ, ਡੀ. ਆਰ ਧਵਨ, ਸ. ਪ੍ਰਿਤਪਾਲ ਸਿੰਘ ਬੇਤਾਬ ਆਈ. ਏ. ਐਸ ਰਿਟਾ. ਕਮਿਸ਼ਨਰ/ਸੈਕ੍ਰੇਟਰੀ ਜੰਮੂ ਐਂਡ ਕਸ਼ਮੀਰ ਤੋਂ ਇਲਾਵਾ ਸਥਾਨਕ ਕਵੀ ਤਰਲੋਕ ਸਿੰਘ ਕੋਮਲ, ਹਰਭਜਨ ਸਿੰਘ ਜੋਗੀ ਅਤੇ ਅਮਰਜੀਤ ਕੌਰ ਪਰਵਾਨਾ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਇਕ ਵਾਰ ਪੂਰੇ ਹਾਲ ਨੂੰ ਪੰਜਾਬੀਅਤ ਦੇ ਰੌਅ ਵਿਚ ਰੰਗ ਦਿੱਤਾ। ਸ. ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ 'ਲੋਕ ਪੰਜਾਬ' ਬਾਰੇ ਖੁਲ੍ਹ ਕੇ ਤਾਰੀਫ਼ ਕੀਤੀ ਅਤੇ ਮਹਾਰਾਸ਼ਟਰਾ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਪ੍ਰਸਾਰ ਦਾ ਇਕ ਬਹੁਤ ਵੱਡਾ ਸਾਧਨ ਬਣਨ ਦੀ ਉਮੀਦ ਕਰਦਿਆਂ ਇਸ ਦੇ ਸੁਨਹਿਰੇ ਭਵਿੱਖ ਲਈ ਢੇਰ ਸਾਰੀਆਂ ਸ਼ੁਭ ਇੱਛਾਵਾਂ ਦਿੱਤੀਆਂ। ਸ. ਚਰਨ ਸਿੰਘ ਸਪਰਾ ਨੇ ਆਪਣੇ ਭਾਸ਼ਣ ਵਿਚ ਵਿਸ਼ੇਸ਼ ਤੌਰ 'ਤੇ ਸ. ਸੰਧੂ ਨੂੰ ਮੁਖ਼ਾਤਿਬ ਹੁੰਦਿਆਂ ਜਦੋਂ ਇਹ ਕਿਹਾ ਕਿ ਦਿਲ ਕਰਦਾ ਹੈ ਕਿ ਹੁਣ ਅੱਗੇ ਤੋਂ ਮੈਂ ਵੀ ਕਵਿਤਾ ਲਿਖਣੀ ਸ਼ੁਰੂ ਕਰ ਦੇਵਾਂ ਤੇ ਪੂਰਾ ਹਾਲ ਹਾਸੇ ਅਤੇ ਤਾਲੀਆਂ ਦੀ ਗੜਗੜਾਹਟ ਵਿਚ ਗੂੰਜ ਉਠਿਆ। ਕਵੀ ਦਰਬਾਰ ਦੀ ਸਟੇਜ ਸੰਚਾਲਨਾ ਜਨਾਬ ਡੀ. ਆਰ ਧਵਨ ਨੇ ਬਾਖ਼ੂਬ ਨਿਭਾਈ। 'ਲੋਕ ਪੰਜਾਬ' ਅਤੇ ਪੰਜਾਬੀ ਕਲਚਰਲ ਐਂਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਇਸ ਮੌਕੇ 'ਤੇ ਉਚੇਚੇ ਤੌਰ 'ਤੇ ਪੁੱਜੇ ਵਿਸ਼ੇਸ਼ ਮਹਿਮਾਨਾਂ ਨੂੰ ਦੁਸ਼ਾਲੇ ਤੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸੰਚਾਲਨਾ ਰੰਗ-ਕਰਮੀ ਸ. ਬੀ. ਪੀ. ਸਿੰਘ ਨੇ ਬੜੇ ਹੀ ਸੁਚੱਜੇ ਢੰਗ ਨਾਲ ਚਲਾਈ। ਅੰਤ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਕਮਲ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।



## ਸੁਸ਼ੀਲਾ ਚੈਨ ਦੀ ਸਵੈ ਜੀਵਨੀ 'ਯਾਦਾਂ ਖੱਟੀਆਂ ਮਿੱਠੀਆਂ' ਜਾਰੀ

ਬਜ਼ੁਰਗ ਆਗੂ ਕਾਮਰੇਡ ਸੁਸ਼ੀਲਾ ਚੈਨ ਦੀ ਸਵੈ-ਜੀਵਨੀ 'ਯਾਦਾਂ ਖੱਟੀਆਂ ਮਿੱਠੀਆਂ' ਦਾ ਰਿਲੀਜ਼ ਸਮਾਗਮ ਅਤੇ ਵਿਚਾਰ ਚਰਚਾ ੨੩ ਮਾਰਚ ੨੦੧੧ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਅਦਾਰਾ 'ਸੀਰਤ' ਅਤੇ ੫ ਆਬ ਪ੍ਰਕਾਸ਼ਨ ਜਲੰਧਰ ਵਲੋਂ ਕਰਵਾਈ ਗਈ। ਸਮਾਗਮ ਦੀ ਪ੍ਰਧਾਨਗੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ ਕਾਮਰੇਡ ਰਾਜੇਸ਼ਵਰ ਸਿੰਘ ਨੇ ਕੀਤੀ। ਸਮਾਰੋਹ ਦੌਰਾਨ ਕਾਮਰੇਡ ਰਾਜੇਸ਼ਵਰ ਸਿੰਘ ਨੇ ਸੁਸ਼ੀਲਾ ਚੈਨ ਨੂੰ ਸ਼ਾਲ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਨਾਲ 'ਸੀਰਤ' ਮੈਗਜ਼ੀਨ ਦੇ ਸੰਪਾਦਕ ਸੁਪਨ ਸੰਧੂ, ਕਾਮਰੇਡ ਸੁਸ਼ੀਲਾ ਚੈਨ ਦੀ ਬੇਟੀ ਸਵਿਤਾ ਅਤੇ ੫ ਆਬ ਦੀ ਮਨਜੀਤ ਕੌਰ ਵੀ ਸਟੇਜ 'ਤੇ ਹਾਜ਼ਰ ਸਨ। 'ਯਾਦਾਂ ਖੱਟੀਆਂ ਮਿੱਠੀਆਂ' ਬਾਰੇ ਗੱਲਬਾਤ ਦੀ ਸ਼ੁਰੂਆਤ ਕਰਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਕਾਮਰੇਡ ਸੁਸ਼ੀਲਾ ਚੈਨ ਦੀ ਇਨਕਲਾਬੀ ਜ਼ਿੰਦਗੀ ਦੀ ਸ਼ੁਰੂਆਤ ਉਸ ਸਮੇਂ ਦੌਰਾਨ ਹੋਈ, ਜਦੋਂ ਔਰਤਾਂ ਨੂੰ ਘਰਾਂ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਸੀ। ਉਸ ਦੌਰਾਨ ਸੁਸ਼ੀਲਾ ਚੈਨ ਨੇ ਘਰ ਦੀਆਂ ਵਲਗਣਾਂ ਨੂੰ ਤੋੜ ਕੇ ਇਨਕਲਾਬ ਦਾ ਰਸਤਾ ਚੁਣਿਆ। ਉਨ੍ਹਾਂ ਕਿਹਾ ਕਿ ਕਾਮਰੇਡ ਸੁਸ਼ੀਲਾ ਚੈਨ ਹੋਰੀਂ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ। ਇਸ ਦੌਰਾਨ ਕਾਮਰੇਡ ਚੈਨ ਸਿੰਘ ਚੈਨ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਮੀਤ ਪ੍ਰਧਾਨ ਕਾਮਰੇਡ ਨੌਨਿਹਾਲ ਸਿੰਘ, ਡਾ. ਰਘਬੀਰ ਕੌਰ ਜਨਰਲ ਸਕੱਤਰ, ਪ੍ਰੋ. ਪਿਆਰਾ ਸਿੰਘ ਭੋਗਲ, ਪ੍ਰੋ. ਜਗੀਰ ਸਿੰਘ ਕਾਹਲੋਂ, ਰਜਨੀਸ਼ ਬਹਾਦਰ ਸਿੰਘ, ਪ੍ਰੋ. ਕੁਲਵੰਤ ਸਿੰਘ, ਹਰਵਿੰਦਰ ਭੰਡਾਲ, ਤਸਕੀਨ, ਮੈਡਮ, ਇੰਦਰਜੀਤ ਕੌਰ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਸਟੇਜ ਚਾਲਨ ਦੀ ਭੂਮਿਕਾ ਗੁਰਮੀਤ ਨੇ ਨਿਭਾਈ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਮਾਰਚ ੨੦੧੧ ਈਸਟ ਲੰਡਨ ਵਿਚ ਸ਼ਹੀਦੀ ਸਮਾਗਮ ਦੀ ਰੌਪੋਟ ਪੜ੍ਹ ਕੇ ਮਨ ਨੂੰ ਕੁਝ ਠੇਸ ਜੇਹੀ ਲੱਗੀ ਹੈ।

ਭਾਈ ਸੁਰਜੀਤ ਸਿੰਘ ਜੀਤ ਜੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਮਿਸਟਰ ਏ. ਓ ਹਿਊਮ ਨੇ ਸਤਿਗੁਰੂ ਰਾਮ ਸਿੰਘ ਦੀ ਪ੍ਰੇਰਨਾ ਨਾਲ ਹੀ ਹਿੰਦੋਸਤਾਨ ਵਿਚ ੧੮੮੫ ਨੂੰ ਕਾਂਗਰਸ ਪਾਰਟੀ ਦੀ ਸਥਾਪਨਾ ਕੀਤੀ ਸੀ। ਜੇਹੜੀ ਉਹ ਦਲੀਲ ਦੇਂਦੇ ਹਨ ਉਹ ਵੀ ਕੁਝ ਹਜ਼ਮ ਨਹੀਂ ਹੁੰਦੀ ਉਹ ਕਹਿੰਦੇ ਹਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਬਰਮਾਂ ਵਿਚ ਕੈਦ ਸਨ ਉਸ ਵੇਲੇ ਬ੍ਰਿਟਿਸ਼ ਫੌਜ ਦਾ ਮੇਜਰ ਮੈਡੀਕਲ ਡਾਕਟਰ ਤੇ ਜੇਲ੍ਹ ਇੰਚਾਰਜ ਮਿਸਟਰ ਏ. ਓ ਹਿਊਮ ਸੀ। ਉਸਨੇ ਗੁਰੂ ਜੀ ਕੋਲੋਂ ਰਾਜਨੀਤਕ ਰਾਜ਼ ਜਾਣਿਆ ਜੋ ਕਿ ਸਰਾਸਰ ਗਲਤ ਹੈ।

ਦਰਅਸਲ, ਅੰਗਰੇਜ਼ੀ ਸਰਕਾਰ ਨੇ ਆਪਣੀ ਕੁਟਿਲ ਨੀਤੀ ਤਹਿਤ ਇਸ ਸੰਸਥਾ ਨੂੰ ਕਾਇਮ ਕੀਤਾ ਸੀ ਜੋ ਕਿ ਸਰਕਾਰ ਦੁਆਰਾ ਲੋਕਾਂ ਉਤੇ ਬੇਇੰਤਹਾ ਤਸ਼ੱਦਦ ਕੀਤਾ ਜਾ ਰਿਹਾ ਸੀ ਉਸਨੂੰ ਕੁਝ ਹੱਦ ਤਕ ਠੰਡਾ ਕੀਤਾ ਜਾਵੇ, ਨਾ ਮਾਤਰ ਬੋਲਣ ਦੀ ਆਗਿਆ ਇਸ ਸੰਸਥਾ ਰਾਹੀਂ ਦਿੱਤੀ ਗਈ।

ਸ੍ਰੀ ਸਤਿਗੁਰੂ ਜੀ ਵਲੋਂ ਨਾਮਿਲਵਰਤਨ ਲਹਿਰ ਚਲਾ ਕੇ ਅੰਗਰੇਜ਼ ਸਰਕਾਰ ਦਾ ਮੁਕੰਮਲ ਬਾਈਕਾਟ ਕੀਤਾ ਗਿਆ ਸੀ ਜੋਕਿ ਇਕ ਉੱਚੇ ਸੁੱਚੇ ਕਿਰਦਾਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਸਨੂੰ ਕਾਂਗਰਸ ਦੀ ਫਰੇਬੀ ਨਾਮਿਲਵਰਤਨ ਨਾਲ ਰੱਲਗੱਡ ਕਰਨਾ, ਬਿਲਕੁਲ ਨਾਮਧਾਰੀ ਲਹਿਰ ਨਾਲ ਬੇਇਨਸਾਫੀ ਹੈ।

ਰਹੀ ਗੱਲ ਅਜ਼ਾਦੀ ਦੀ ? ਇਹ ਜਿਸ ਨੂੰ ਅਜ਼ਾਦੀ ਮੰਨਦੇ ਹਨ ਉਹ ਅਜ਼ਾਦੀ ਨਹੀਂ ਸੀ ਇਕ ਸਮਝੌਤਾ ਸੀ। ਜਿਨ੍ਹਾਂ ਚਿਰ ਖਾੜਕੂ ਲਹਿਰਾਂ ਨੂੰ ਗਾਂਧੀ ਜੀ ਦੀ ਅਗਵਾਈ ਵਿਚ ਕਾਂਗਰਸ ਵਲੋਂ ਸ਼ਾਂਤੀ ਦੇ ਨਾ ਨਾਲ ਠੰਡਾ ਕੀਤਾ ਗਿਆ ਉਨ੍ਹਾਂ ਚਿਰ ਅੰਗਰੇਜ਼ ਭਾਰਤ ਤੇ ਆਪ ਰਾਜ ਕਰਦੇ ਰਹੇ ਪਰ ਜਦੋਂ ਇਨਕਲਾਬੀ ਲਹਿਰਾਂ ਨੇ ਜ਼ੋਰ ਫੜ ਲਿਆ ਤਾਂ ਗਾਂਧੀ ਜੀ ਨੇ ਹੱਥ ਖੜੇ ਕਰ ਦਿੱਤੇ ਜਿਵੇਂ ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਹੋਰਾਂ ਦੀ ਲਹਿਰ, ਸੁਭਾਸ਼ ਚੰਦਰ ਨੇਤਾ ਜੀ ਦੀ ਅਗਵਾਈ ਵਿਚ ਅਜ਼ਾਦ ਹਿੰਦ ਫੌਜੀ ਲਹਿਰ, ਨੇਵੀ ਦੀ ਬਗਾਵਤ ਇਤ ਆਦਿ ਕਰਕੇ ਅੰਗਰੇਜ਼ ਆਪ ਤਾਂ ਚਲੇ ਗਏ ਪਰ ਜੇ ਨਾਮਧਾਰੀ ਇਸ ਸਰਕਾਰ ਦਾ ਸਿਹਰਾ ਆਪਣੇ ਸਿਰ ਲੈਣਾ ਚੌਹਦੇ ਹਨ ਤਾਂ ਜੋ ਕੁਝ ਹੁਣ ਹੋ ਰਿਹਾ ਹੈ ਉਸਦੀ ਜ਼ਿੰਮੇਵਾਰੀ ਵੀ ਚੁੱਕਣੀ ਪਏਗੀ ਜੋ ਕਿ ਦੇਸ਼ ਭਗਤਾਂ ਅਤੇ ਨਾਮਧਾਰੀ ਪਾਕ ਪਵਿੱਤਰ ਨੀਤੀਆਂ ਨਾਲ ਮੇਲ ਨਹੀਂ ਖਾਂਦੀ। ਨਾਮਧਾਰੀ ਪ੍ਰਚਾਰਕਾਂ, ਪਤਰਕਾਰਾਂ ਤੇ ਇਤਿਹਾਸਕਾਰਾਂ ਨੂੰ ਪੂਰੀ ਚੋਕਸੀ ਤੋਂ ਕੰਮ ਲੈਣਾ ਚਾਹੀਦਾ ਹੈ।

*—ਚੂਹੜ ਸਿੰਘ ਬੈਂਸ, ਜਲੰਧਰ*

• • •

'ਵਰਿਆਮ' ਬਾਕਾਇਦਾ ਮਿਲ ਰਿਹਾ ਹੈ। ਬਾਕਾਇਦਾ 'ਵਰਿਆਮ' ਮੈਂ ਪੜ੍ਹਦਾ ਵੀ ਹਾਂ। ਪਿਛਲੇ ਕੁਝ ਸਮੇਂ ਤੋਂ ਸ. ਤਰਲੋਚਨ ਸਿੰਘ ਜੀ ਦੇ ਲੇਖ 'ਵਰਿਆਮ' ਵਿਚ ਪੜ੍ਹ ਕੇ ਮਨ ਨੂੰ ਬੜੀ ਤਸੱਲੀ ਹੋਈ ਹੈ। ਹੋਰਾਂ ਅਖ਼ਬਾਰਾਂ ਜਾਂ ਰਸਾਲਿਆਂ ਵਿਚ ਵੀ ਤਰਲੋਚਨ ਸਿੰਘ ਜੀ ਜਿੱਥੇ ਛਪਦੇ ਹਨ, ਮੈਂ ਉਹਨਾਂ ਦੀ ਲਿਖਤ ਜ਼ਰੂਰ ਪੜ੍ਹਦਾ ਹਾਂ। ਸਿੱਖ ਹੋਵੇ ਤਾਂ ਸ. ਤਰਲੋਚਨ ਸਿੰਘ ਵਰਗਾ ਹੀ ਹੋਵੇ। ਡਾ. ਨਰੇਸ਼ ਦਾ ਸੂਫ਼ੀ ਸਾਧਨਾ ਉਤੇ ਲਿਖਿਆ ਖੋਜ-ਪੱਤਰ ਵੀ ਚੰਗਾ ਲੱਗਿਆ ਹੈ। ਗ਼ਜ਼ਲਾਂ ਸਾਰੀਆਂ ਹੀ ਮਿਆਰੀ ਹਨ। ਮੈਂ ਵੀ ਇਹਨਾਂ ਸਭ ਸ਼ਾਇਰਾਂ ਨੂੰ 'ਨਜ਼ਰੀਆ' ਵਿਚ ਛਾਪਦਾ ਰਹਿੰਦਾ ਹਾਂ।

ਤੁਸੀਂ 'ਵਰਿਆਮ' ਦੇ ਚੰਦੇ ਸਬੰਧੀ ਜੋ ਬੇਨਤੀ ਕੀਤੀ ਹੈ, ਉਸ ਸਬੰਧੀ ਤੁਸੀਂ ਆਪਣੀ ਦੋਚਿੱਤੀ ਦਾ ਇਜ਼ਹਾਰ ਕੀਤਾ ਹੈ। ਅੱਜ-ਕੱਲ੍ਹ ਸਭ ਅੱਗੇ ਬਹੁਤ ਉਚਾ ਬੋਲਣਾ ਪੈਂਦਾ ਹੈ। ਵਾਰ-ਵਾਰ ਲਿਖਣਾ ਪੈਂਦਾ ਹੈ। ਇਸ ਜ਼ਮਾਨੇ ਵਿਚ ਤਾਂ ਬੇਨਤੀਆਂ ਕਰਨੀਆਂ ਹੀ ਪੈਣਗੀਆਂ। ਜੇ ਬੇਨਤੀਆਂ ਨੂੰ ਫਲ ਲੱਗ ਜਾਵੇ, ਇਸ ਨੂੰ ਵੀ ਗਨੀਮਤ ਹੀ ਸਮਝੋ।

ਤੁਹਾਡੀ ਦ੍ਰਿੜਤਾ ਤੇ ਨਿਰੰਤਰਤਾ ਅੱਗੇ ਨਤਮਸਤਕ ਹਾਂ। ਪਰਚਾ ਕੋਈ ਵੀ ਕੱਢੋ, ਅੱਜ ਕੱਲ੍ਹ ਮੁਸ਼ਕਲਾਂ ਆ ਹੀ ਰਹੀਆਂ ਹਨ। ਬਿਜਲਈ ਮਾਧਿਅਮਾਂ ਨੇ ਸਾਡਾ ਜਿੰਨਾ ਫ਼ਾਇਦਾ ਕੀਤਾ ਹੈ, ਉਸ ਤੋਂ ਵੱਧ ਨੁਕਸਾਨ ਵੀ ਕੀਤਾ ਹੈ। ਜੁਆਨੀ ਦਾ ਤਾਂ ਹਾਲ ਤੁਸੀਂ ਜਾਣਦੇ ਹੀ ਹੋ। ਸਾਡਾ ਭਵਿੱਖ ਕਿੱਧਰ ਨੂੰ ਜਾ ਰਿਹਾ ਹੈ, ਇਸ ਸਬੰਧੀ ਸੋਚ ਕੇ ਮੈਂ ਤਾਂ ਕੰਬ ਉਠਦਾ ਹਾਂ। ਚਲੋ, ਦੇਖੀ ਜਾਓ ਤੇ ਆਪਣੇ ਵੱਲੋਂ ਹਾਂ-ਪੱਖੀ ਕੁਝ ਨਾ ਕੁਝ ਕਰੀ ਜਾਓ।

*—ਐੱਸ. ਤਰਸੇਮ*
*ਸੰਤ ਕਾਲੋਨੀ, ਸਟੇਡੀਅਮ ਰੋਡ,*
*ਮਾਲੇਰਕੋਟਲਾ*

• • •

ਹਰ ਵਾਰੀ ਵਰਿਆਮ ਦੀ ਦਿੱਖ, ਛਪਾਈ, ਰਚਨਾਵਾਂ ਦੀ ਤਰਤੀਬ ਅਤੇ ਪੱਧਰ ਵਿਚ ਸੰਤੋਸ਼ਜਨਕ ਨਿਖ਼ਾਰ ਆ ਰਿਹਾ ਹੈ। ਇਸ ਸਭ ਲਈ ਆਪ ਜੀ ਵਧਾਈ ਦੇ ਪਾਤਰ ਹੋ। ਇਹ ਸਭ ਕੁਝ ਆਪ ਜੀ ਦੀ ਉੱਚੀ ਤੇ ਸੁੱਚੀ ਸੋਚ, ਜੀਵਨ ਤਜਰਬਾ ਅਤੇ ਸਾਹਿਤ ਦੇ ਡੂੰਘੇ ਅਧਿਐਨ ਦੀ ਬਦੌਲਤ ਹੈ। ਮਾਰਚ, ੨੦੧੧ ਦੀਆਂ ਸਾਰੀਆਂ ਰਚਨਾਵਾਂ ਮਨ ਨੂੰ ਟੁੰਬਣ ਵਾਲੀਆਂ ਅਤੇ ਮਾਰਗ ਦਰਸ਼ਨ ਕਰਨ ਵਾਲੀਆਂ ਹਨ।

*—ਪ੍ਰਿੰ. ਨਿਰਮਲ ਸਿੰਘ ਭੰਡਾਲ*
*੧੨੯, ਅਜੀਤ ਨਗਰ, ਕਪੂਰਥਲਾ*

• • •



Namdhari Elibrary NamdhariElibrary@gmail.com

ਜਨਵਰੀ ੨੦੧੧ ਦਾ 'ਵਰਿਆਮ' ਮਿਲਦਿਆਂ ਖਾਣਾ ਪੀਣਾ ਵੀ ਭੁੱਲ ਗਿਆ ਅਕਸਰ ਹੀ ਹੁੰਦੈ। 'ਸਰਦਾਰਨੀ ਜਸਪਾਲ ਕੌਰ ਯਾਦਗਾਰੀ ਟਰੱਸਟ' ਕਾਇਮ ਕਰਨਾ ਵਧੀਆ ਯਤਨ ਹੈ। ਫਰਵਰੀ ਮਾਰਚ ਵਿਚ ਸਰਦਾਰਨੀ ਦੇ ਨਾਂ ਤੇ ਸਲਾਨਾ ਅਵਾਰਡ ਦੇਣ ਲਈ, ਨਿਵੇਕਲਾ ਤੇ ਸ਼ਲਾਘਾਯੋਗ ਕਦਮ ਹੈ। ਇੰਜੀਨੀਅਰ ਰਾਣਾ ਸੱਗੂ ਤੇਜਵੰਤ, ਚੇਅਰਮੈਨ, ਗੁਰਭੇਜ ਗੁਰਾਇਆ, ਕੰਵਲਜੀਤ ਸਿੰਘ, ਸ. ਜਗਦੀਸ਼ ਸਿੰਘ ਵਰਿਆਮ, ਸ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਜਗਦੀਸ਼, ਨਰਿੰਦਰ ਸਿੰਘ ਅਤੇ ਰ.ਨ. ਗੋਇਲ ਆਦਿ ਨਾਮਵਰ ਸ਼ਖਸੀਅਤਾਂ ਨੂੰ ਚੁਣ ਕੇ ਉੱਤਮ ਕਾਰਜ ਕੀਤਾ ਹੈ। ਵਧਾਈਆਂ!

ਛੋਟੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ ਭਰਪੂਰ ਕਵਿਤਾ 'ਰਹੂ ਜੱਗ ਤੇ ਅਮਰ ਕਹਾਣੀ' ਦਿਲਕਸ਼ ਸੀ। ਹਰਿਆਣੇ ਦੇ ਜਥੇਦਾਰ ਕਵੀ ਮੁਕਤਾ ਹੀਰਾ ਸਿੰਘ ਸਕਰੌਦੀ ਖੋਜ ਭਰਪੂਰ ਲੇਖ ਕਾ. ਵਿਰਕ ਜੀ ਨੇ ਤੱਥਾਂ ਸਮੇਤ ਪੇਸ਼ ਕੀਤਾ, ਇਹਨਾਂ ਦੇ ਸਾਰੇ ਹੀ ਲੇਖ/ਦਸਤਾਵੇਜ਼ ਅਣਮੁੱਲੇ ਹੁੰਦੇ ਹਨ। ਯਾਤਰਾ ਦੇ ਕਈ ਪਹਿਲੂਆਂ ਤੇ ਵਿਚਾਰ, ਉਨ੍ਹਾਂ ਦੀ ਖੋਜ ਦਾ ਜ਼ਿਕਰ ਕਾਬਲ-ਏ-ਗੌਰ ਹੈ। ਭੋਗਲ ਜੀ ਨੇ ਉਹ ਮਹਾਂਪੁਰਸ਼ ਬਾਬਾ ਰਾਮ ਸਿੰਘ, ਫੇਰ ਹੌਲੀ-ਹੌਲੀ ਸਤਿਗੁਰੂ ਰਾਮ ਸਿੰਘ ਜੀ ਦਾ ਪਵਿੱਤਰ ਸਤਿਕਾਰਤ ਨਾਮ ਲੈ ਕੇ ਸੀਸ ਨਿਵਾਜਿਆ ਹੈ।

ਸ. ਵਰਿਆਮ ਸੰਧੂ ਦਾ ਲੇਖ ਰੂਪੀ ਭਾਸ਼ਣ 'ਚਿਰਾਗਾਂ ਨੂੰ ਬਾਲਣ ਵਾਲੇ ਸਤਿਗੁਰੂ' ਵੈਰਾਗ ਭਰੇ ਪ੍ਰਮਾਣਾ ਵਿਚ ਪ੍ਰੋਇਆ ਹੋਣ ਕਰਕੇ, ਪੜ੍ਹਦਿਆਂ ਸਤਿਗੁਰੂ ਜੀ ਪ੍ਰਤੀ ਮੇਰਾ ਮਨ ਵੀ ਹੰਝੂਆਂ ਨਾਲ ਵੈਰਾਗੀ ਹੋ ਗਿਆ।

ਨੂਰ ਦੀ ਪੇਸ਼ ਕੀਤੀ — 'ਕੁਰਬਾਨ ਕੂਕਿਆਂ ਤੋਂ' ਕਵਿਤਾ ਅਤੇ ਸ਼ਿਵਨਾਥ ਦੀ ਜਵਾਬ, ਅਜੋਕੇ ਯਥਾਰਥ ਨੂੰ ਬਿਆਨ ਕਰਦਾ ਹੈ। ਡਾਇਰੀ ਕੌਮੀ ਲਹਿਰਾਂ ਦੀ ਪਹਿਲੀ ਕਿਸ਼ਤ ਪ੍ਰੋ. ਵੜੈਚ ਦੀ ਜਨਵਰੀ ਮਹੀਨੇ ਦੀ ਗਾਥਾ ਸਾਲਾਹੁਣਯੋਗ ਸੁਚਾਰੂ ਕਦਮ ਹੈ, ਜੋ ਨਵੇਂ ਲੇਖਕਾਂ ਲਈ ਸਹਾਈ ਸਿੱਧ ਹੋਵੇਗਾ। ਅਨਜਾਣ ਹੋਰਾਂ ਨੇ ਆਖਰੀ ਵਾਰ ਸਮੁੰਦਰੋਂ ਪਾਰ ਵਿਚ ਭਾਵੁਕਤਾ ਸਹਿਤ ਵਿਦਵਤਾ ਪ੍ਰਸਤੁਤ ਕਰ ਵਿਖਲਾਈ ਅਭੁੱਲ ਯਾਦਾਂ ਦਿਲਚਸਪ ਸਨ — ਸ. ਮਠਾੜੂ ਦੀਆਂ।

ਨਾਮਧਾਰੀ ਪੰਥ ਦੇ ਮਰਹੂਮ ਸਾਹਿਤਕਾਰ, ਸੰਪਾਦਕ ਸਤਿਜੁਗ-ਮਹੰਤ ਆਤਮਾ ਸਿੰਘ ਸਨਖਤਾ ਜੀ ਦੀਆਂ ਅਣਥੱਕ ਸੇਵਾਵਾਂ ਤੇ ਸਤਿਕਾਰ, ਸਤਿਗੁਰੂ ਜੀ ਪ੍ਰਤੀ ਫੁੱਲ੍ਹ-ਫੁੱਲ੍ਹ ਪੈਂਦਾ ਹੋਇਆ, ਨਾਧਾਰੀ ਸਿੱਖਾਂ-ਸੇਵਕਾਂ ਲਈ ਅਥਾਰ ਪ੍ਰੇਰਣਾ ਸ੍ਰੋਤ ਹੈ, ਸ. ਗੁਰਸ਼ਰਨ ਸਿੰਘ ਸਨਖਤਰਾਂ ਨੂੰ ਚੰਗੀ ਵਾਕਫੀਅਤ ਲਈ ਦੁਆਵਾਂ।

ਸੰਪਾਦਕ ਵਰਿਆਮ ਹੁਰਾਂ ਨੂੰ ਪ੍ਰਮੁੱਖ ਪੰਨੇ ਤੇ ਛਾਪੀ, ਮਹਾਨ ਸੰਗ੍ਰਾਮੀ ਮਸਤਾਨੇ ਸ਼ਹੀਦਾਂ ਦੀ ਤਸਵੀਰ ਅਤੇ 'ਸ਼ਹੀਦੀ ਰੁੱਤ' ਸਮੇਤ ਉਲੇਖਣੀਜ ਸਿਰੜੀ ਮਿਹਨਤ ਨੂੰ ਸਮਾਜ ਦੇ ਰੂਬਰੂ ਕਰਨ ਅਤੇ ਆਖ਼ਰੀ ਪੰਨੇ ਤੇ ਭਾਵ ਪ੍ਰਗਟਾਉਂਦੀਆਂ ਉਸਤਾਦੀ ਸੰਗੀਤਕ ਤਸਵੀਰਾਂ ਲਈ ਸਲਾਮ! ਪ੍ਰਣਾਮ!! ਕਲਾਮ!!!

*-ਜਸਬੀਰ ਸਿੰਘ ਸਿੱਧੂ, ਪਟਿਆਲਾ*

• • •

***ਕੀ ਸਾਡੇ ਕਹੇ ਸ਼ਬਦਾਂ ਦਾ ਸਹੀ ਮਤਲਬ ਨਿਕਲਦਾ ਹੈ ?***

## ਸਾਡੀ ਇਸ ਕਮਜ਼ੋਰੀ ਦਾ ਇਕ ਪਹਿਲੂ

ਸਿੱਖ ਕੌਮ ਦੇ ਸ਼੍ਰੋਮਣੀ ਕੀਰਤਨੀਆਂ ਵਿਚੋਂ ਇੱਕ ਜੱਥਾ ਸਾਡੇ ਸ਼ਹਿਰ ਵਿਚ ਵੀ ਆਇਆ ਹੋਇਆ ਸੀ। ਕੀਰਤਨ ਸੁਨਣ ਲਈ ਸੰਗਤਾਂ ਦਾ ਹੜ੍ਹ ਜਿਹਾ ਆ ਗਿਆ, ਜਿਸ ਵਿਚ ਅਸੀਂ ਵੀ ਸਾਂ। ਗੁਰਦੁਆਰੇ ਅੰਦਰ ਜਗ੍ਹਾ ਹੀ ਨਹੀਂ ਬਚੀ ਸੀ। ਸ਼ਹਿਰ ਦਾ ਤਾਪਮਾਨ ੫.੩ ਡਿਗਰੀ ਸੈਲਸੀਅਸ ਤੱਕ ਪਹੁੰਚ ਚੁੱਕਾ ਸੀ। ਸਮਾਗਮ ਕਰਵਾਉਣ ਵਾਲੇ ਅਤੇ ਪ੍ਰਬੰਧਕਾਂ ਦੀ ਸੂਝ-ਬੂਝ ਨਾਲ ਸਮਾਗਮ ਬਹੁਤ ਕਾਮਯਾਬ ਰਿਹਾ।

ਇਨਸਾਨੀ ਫ਼ਿਤਰਤ ਕਈ ਵਾਰ ਬੜੀ ਭਾਵੁਕ ਹੋ ਜਾਂਦੀ ਹੈ। ਸ਼ਰਧਾ ਦੀ ਚਰਮ ਸੀਮਾ ਤੇ ਪਹੁੰਚ ਕਥਾਕਰ ਕੀਰਤਨੀਏ ਨਾਮ-ਸਿਮਰਨ ਦੀ ਵਿਆਖਿਆ ਕਰਦਿਆਂ ਅਚਾਨਕ ਬੋਲ ਬੈਠੇ 'ਜੋ ਇਨਸਾਨ ਨਾਮ-ਜਪਣ ਜਾਂ ਸਿਮਰਨ ਕਰਨ ਬਗੈਰ ਭੋਜਨ ਛਕਦਾ ਹੈ, ਉਸਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਅੰਨ-ਪਾਣੀ ਦਾ ਭੋਜਨ ਨਹੀਂ ਛੱਕ ਰਿਹਾ ਹੈ, ਬਲਕਿ ਕੀੜੇ ਜਾਂ ਸਮਝੋ ਬਿਸ਼ਟਾ ਦੇ ਕੀੜਿਆਂ ਦਾ ਭੋਜਨ ਛੱਕ ਰਿਹਾ ਹੈ। ਸਾਡੇ ਗੁਰੂਆਂ ਨੇ ਇਸ ਤਰ੍ਹਾਂ ਦਾ ਕੁੱਝ ਵੀ ਨਹੀਂ ਆਖਿਆ। ਆਸਾ ਦੀ ਵਾਰ ਦੀ ੧੮ਵੀਂ ਪੌੜੀ ਵਿਚ ਬਾਬਾ ਨਾਨਕ ਜੀ ਆਖਦੇ ਹਨ "ਖਾਣਾ ਪੀਣਾ ਪਵਿੱਤਰ ਹੈ..." ਜਾਂ ਪੌੜੀ ੧੯ਵੀਂ ਵਿਚ "ਅੰਨ ਦੇਵਤਾ ਪਾਣੀ ਦੇਵਤਾ... ਸੰਬੋਧਿਤ ਕਰ ਕੁਦਰਤ ਦੀ ਇਸ ਦੇਣ ਨੂੰ ਬਹੁਤ ਵੱਡਾ ਸਨਮਾਨ ਬਖ਼ਸ਼ਦੇ ਹਨ।

ਅਸੀਂ ਬੜੇ ਰਸ-ਭਿੰਨੇ ਵਾਤਾਵਰਨ ਵਿਚ ਕਥਾ-ਕੀਰਤਨ ਦਾ ਆਨੰਦ ਮਾਣ ਰਹੇ ਸਾਂ, ਅਚਾਨਕ ਸਾਡੀ ਬਿਰਤੀ ਵਿਚਲਿਤ ਹੋ ਗਈ। ਸਾਡੇ ਨਿਵਾਸ-ਅਸਥਾਨ ਦੇ ਲਾਗੇ ਕਨਸਟ੍ਰਕਸ਼ਨ ਦਾ ਕੰਮ ਚੱਲ ਰਿਹਾ ਹੈ, ਮਜ਼ਦੂਰਾਂ ਨੂੰ ਰੋਜ਼ ਦੀ ਰੋਜ਼ ਸ਼ਾਮ ਨੂੰ ਤਨਖ਼ਾਹ ਦਿੱਤੀ ਜਾਂਦੀ ਹੈ। ਇਕ ਅਠਾਰਾਂ ਸਾਲ ਦੇ ਨੌਜੁਆਨ ਨਾਲ ਉਸਦੀ ਪੰਦਰਾਂ ਜਾਂ ਸੋਲਾਂ ਸਾਲਾਂ ਦੀ ਪਤਨੀ ਤਨਖ਼ਾਹ ਲੈ ਸਿੱਧੇ ਬਾਣੀਏ ਦੀ ਦੁਕਾਨ ਤੇ ਪਹੁੰਚੇ। ਇੱਕ ਕਿਲੋ ਜੁਆਰੀ ਖਰੀਦ ਕੁਝ ਕੁ ਦੂਰੀ ਤੇ ਚੱਲ ਰਹੀ ਚੱਕੀ ਤੇ ਜਾ ਖੜੋਤੇ। ਆਟਾ ਤਿਆਰ ਹੋਣ ਬਾਦ ਕਨਸਟ੍ਰਕਸ਼ਨ ਦੀ ਜਗ੍ਹਾ ਦੇ ਨਾਲ ਬਣੀ ਝੁੱਗੀ ਵਿਚ ਚੁੱਲ੍ਹਾ ਬਾਲ ਰੋਟੀਆਂ ਥੱਪੀਆਂ, ਲਸਣ ਅਤੇ ਲਾਲ ਪੀਸੀਆਂ ਮਿਰਚਾਂ ਜਿਸ ਵਿਚ ਸ਼ਾਇਦ ਲੂਣ ਹੈ ਜਾਂ ਨਹੀਂ ਸੀ,



Namdhari Elibrary NamdhariElibrary@gmail.com

ਨਾਲ ਖਾ ਨਿਸ਼ਾ ਕੀਤੀ। ਸਮਾਂ ਲਗਭਗ ਰਾਤ ਦੇ ਦੱਸ ਵਜੇ ਦਾ ਹੋ ਚੁੱਕਿਆ ਸੀ ਇਹ ਉਹਨਾਂ ਦੀ ਜ਼ਿੰਦਗੀ ਦਾ ਨਿੱਤਨੇਮ ਸੀ। ਜਿਹਨਾਂ ਅਜੇ ਆਪਣਾ ਗ੍ਰਹਿਸਤ ਜੀਵਨ ਆਰੰਭਿਆ ਹੀ ਸੀ।

ਕੀ ਸਾਡੇ ਧਾਰਮਿਕ ਕੀਰਤਨੀਏ ਪ੍ਰਚਾਰਕਾਂ ਨੂੰ ਪ੍ਰੈਕਟੀਕਲ ਜ਼ਿੰਦਗੀ ਜੀਣ ਵਾਲੇ ਸਾਧਾਰਨ ਪਰਿਵਾਰਾਂ ਦੀ ਜਾਣਕਾਰੀ ਹੈ ? ਕਿਉਂ ਨਹੀਂ ਅਸੀਂ ਇਸ ਬਾਰੇ ਸੋਚਦੇ ? ਸੰਗਤਾਂ ਦੇ ਇਤਨੇ ਵੱਡੇ ਇਕੱਠ ਵਿਚ ਕੋਈ ਉੱਠ ਕੇ ਕਿਉਂ ਨਹੀਂ ਬੋਲਿਆ ਜਿਸ ਵਿਚ ਮੈਂ ਵੀ ਇਕ ਬੁਜ਼ਦਿਲ ਇਨਸਾਨ ਸਾਂ।

*—ਮਹਿੰਦਰ ਸਿੰਘ ਚਿਤਾਰ*
98231-66768

• • •

ਆਪ ਜੀ ਵਲੋਂ ਪ੍ਰਕਾਸ਼ਿਤ ਮੰਥਲੀ "ਵਰਿਆਮ" ਦਸ਼ਮੇਸ਼ ਪਰੇਸ ਨਾਦੇੜ ਸੱਚਖੰਡ ਵਿਚ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਬਹੁਤ ਅੱਛਾ ਲੱਗਿਆ।

ਦਖਣੀ ਸਿੰਘਾਂ ਦਾ ਅਣਲਿਖਿਤ ਪਿਛੋਕੜ ਬਾਰੇ ਨਾਂਦੇੜ ਗੱਲ-ਬਾਤ ਚੱਲ ਰਹੀ ਸੀ ਜਿਸਨੂੰ ਸੰਪਾਦਿਤ ਕਰ ਸੱਚਖੰਡ ਪੱਤਰ ੨੦੧੦ ਦੇ ਅਗਸਤ ਅਤੇ ਸਿਤੰਬਰ ਦੇ ਮਹੀਨੇ ਛਾਪ ਦਿੱਤਾ ਗਿਆ। ਆਪ ਜੀ ਦੁਆਰਾ ਦਿੱਤੀ ਬਹੁਤ ਕੀਮਤੀ ਸਲਾਹ ਮੇਰੇ ਲਈ ਵਰਦਾਨ ਸਿੱਧ ਹੋਈ। ਆਸ ਕਰਦਾ ਹਾਂ ਭਵਿੱਖ ਵਿਚ ਵੀ ਮਾਰਗ-ਦਰਸ਼ਨ ਕਰਦੇ ਰਹੋਗੇ।

*—ਮਹਿੰਦਰ ਸਿੰਘ 'ਚਿਤਾਰ'*
*ਮੋ-੯੮੨੩੧-੬੬੭੬੮*

• • •

**ਸਤਿਕਾਰ ਯੋਗ ਭੈਣ ਕੁਲਵੰਤ ਕੂਕੂ ਜੀ ਤੇ ਪਿਆਰੀ ਬੱਚੀ ਸ਼ਬਨਮ**

ਤੁਹਾਡਾ ਪੱਤਰ ਮਿਲਿਆ ਜੋ ਤੁਸਾਂ ਮੇਰੇ 'ਵਰਿਆਮ' ਵਿਚ ਜਨਵਰੀ 'ਚ ਛਪੇ ਲੇਖ ਬਾਰੇ ਲਿਖਿਆ। ਖ਼ਤ ਉਤੇ ਤੁਹਾਡਾ ਪਤਾ ਨਹੀਂ ਸੀ ਇਸ ਲਈ ਵਰਿਆਮ ਦੇ ਰਾਹੀਂ ਜਵਾਬ ਦੇ ਰਿਹਾਂ।

ਏਨੇ ਹੌਸਲਾ ਵਧਾਊ ਅਤੇ ਸਨੇਹ ਭਰੇ ਲਫਜ਼ਾਂ ਲਈ ਧੰਨਵਾਦ।

ਬੱਚੀ ਸ਼ਬਨਮ ਦੀ ਤੰਦਰੁਸਤੀ ਲਈ ਮੇਰੇ ਵਲੋਂ ਢੇਰੋਂ ਢੇਰ ਦੁਆਵਾਂ।

ਉਹ ਜ਼ਰੂਰ ਉਚੇ ਸੁੱਚੇ ਖਿਆਲਾਂ ਦੀ ਇਨਸਾਨ ਬਣੇਗੀ। ਤੁਹਾਡੇ ਸਾਰੇ ਪਰਿਵਾਰ ਲਈ ਮੇਰੀਆਂ ਸ਼ੁਭ ਇਛਾਵਾਂ।

*ਤੁਹਾਡੇ ਭਰਾ ਸਮਾਨ*
*—ਸੁਰਿੰਦਰ ਮੰਡ*

# ਵਰਿਆਮ ਨੂੰ ਸਹਿਯੋਗ

| | |
|---|---|
| ਸ. ਮਨਮੋਹਨ ਸਿੰਘ ਨਾਮਧਾਰੀ ਏਜੰਸੀਜ਼, ਦਿੱਲੀ | ੧੦੦੦-੦੦ |
| ਸ. ਨਿਸ਼ਾਨ ਸਿੰਘ ਜੀ ਕਥਾਵਾਚਕ ਸ੍ਰੀ ਭੈਣੀ ਸਾਹਿਬ | ੧੦੦-੦੦ |
| ਸ. ਪਰਮਜੀਤ ਸਿੰਘ (ਡੀ. ਜੀ. ਐਮ. ਸਰਵਿਸ) ਚੰਡੀਗੜ੍ਹ | ੧੦੦-੦੦ |
| ਹਰਵਿੰਦਰ ਸਿੰਘ ਗੁਰਦੇਵ ਸਿੰਘ ਜੰਮੂ | ੧੦੦-੦੦ |
| ਸ. ਸਰਬਜੀਤ ਸਿੰਘ (ਸਰਪੰਚ) ਸ੍ਰੀ ਭੈਣੀ ਸਾਹਿਬ | ੩੦੦-੦੦ |
| ਸ. ਹਰਭਜਨ ਸਿੰਘ ਰਾਜਾ (ਕਵੀ) ਐਲਨਾਬਾਦ, ਪੋਤਰੇ ਦੇ ਜਨਮ ਦੀ ਖ਼ੁਸ਼ੀ ਵਿਚ | ੨੫੦-੦੦ |
| ਸ. ਅਮਰ ਸਿੰਘ (ਡਾਲਟਨ ਗੇਜ) ਚੰਡੀਗੜ੍ਹ | ੫੦੦-੦੦ |
| ਜਥੇਦਾਰ ਸੇਵਾ ਸਿੰਘ ਜੀ, ਦਿੱਲੀ ਵਾਲੇ | ੧੧੦੦-੦੦ |
| ਜਥੇਦਾਰ ਸਾਧਾ ਸਿੰਘ ਜੀ ਮੰਡੀ (ਹਿਮਾਚਲ ਪ੍ਰਦੇਸ਼) | ੫੦੦-੦੦ |
| ਸ. ਦੀਪ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ ਪ੍ਰੀਤ ਨਗਰ, ਜਲੰਧਰ | ੨੦੦-੦੦ |
| ਸਪੁੱਤਰ ਸ. ਬਖਸ਼ੀਸ਼ ਸਿੰਘ, ਸ. ਅਵਤਾਰ ਸਿੰਘ ਜੀ ਜੰਮੂ | ੫੦੦-੦੦ |
| ਸ. ਬਚਿੱਤਰ ਸਿੰਘ ਬਸਰਾ ਯੂ. ਕੇ. ਵਰਿਆਮ ਦੀ ਚੜ੍ਹਦੀ ਕਲਾ ਵਾਸਤੇ | ੫੦੦-੦੦ |
| ਸ. ਗੁਰਬਖਸ਼ ਸਿੰਘ ਮਠਾੜੂ ਯੂ. ਕੇ ਵਲੋਂ ਸੁਪਤਨੀ ਮਹਿੰਦਰ ਕੌਰ ਦੀ ਪੰਜਵੀਂ ਬਰਸੀ ਦੇ ਮੌਕੇ ਤੇ | ੧੦੦੦-੦੦ |
| (੧੦੦੦/-ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਨੂੰ) | |
| ਸੰਤ ਕੁੰਦਨ ਸਿੰਘ ਜੰਮੂ ਸੁਪਤਨੀ ਬੀਬੀ ਬਲਬੀਰ ਕੌਰ ਨਮਿਤ ਭੋਗ ਸਮੇਂ | ੫੦੦-੦੦ |



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Phone Office : 011-23516689, 011-23614784

Mobile Phone : S. Charanjit Singh 98105-56398
S. Satvinder Singh 9811655210





Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਔਰੰਗਾਬਾਦ ਮਹਾਰਾਸ਼ਟਰ ਪ੍ਰਦੇਸ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ



ਪ੍ਰਸਿਧ ਸੰਗੀਤਕਾਰ ਪੰਡਿਤ ਨਾਥ ਰਾਵ ਨੇਲਕਰ ਸ਼ਾਮ ਨੂੰ ਕਾਰਜਕ੍ਰਮ ਦਾ ਸ਼ੁਭ ਆਰੰਭ ਕਰਦੇ ਹੋਏ।



ਮਹਾਰਾਸ਼ਟਰ ਦੇ ਬੱਚਿਆਂ ਦੁਆਰਾ ਸ਼ਬਦ ਕੀਰਤਨ।



ਜਥੇਦਾਰ ਬੀਬੀ ਬਲਬੀਰ ਕੌਰ, ਬੀਬੀ ਸੁਰਜੀਤ ਕੌਰ ਅਤੇ ਬੀਬੀ ਹਰਜੀਤ ਕੌਰ ਦਾ ਸ਼ਬਦ ਕੀਰਤਨ।



ਰਾਤ ਰੌਸ਼ਨੀ ਵਿਚ ਦੀਵਾਨ ਅਸਥਾਨ ਦਾ ਦ੍ਰਿਸ਼



ਸਵ. ਬੀਬੀ ਬਲਬੀਰ ਕੌਰ ਸੁਪਤਨੀ ਸੰਤ ਕੁੰਦਨ ਸਿੰਘ ਜੰਮੂ ਜੋ ੧੨ ਮਾਰਚ ੨੦੧੧ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨਮਿਤ ਸ਼ੁਕਰਵਾਰ ੧੯ ਮਾਰਚ ਨੂੰ ਭੋਗ ਅਵਸਰ ਤੇ ਭਾਰੀ ਮੇਲਾ ਹੋਇਆ।

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75 April 2011



ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਸ੍ਰੀ ਜੀਵਨ ਨਗਰ ਸਰਸਾ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਦ੍ਰਿਸ਼: ਖਬਿਓਂ ਪ੍ਰਿੰਸੀਪਲ ਬੂਟਾ ਸਿੰਘ ਵਿਰਕ, ਸ. ਦਲਜੀਤ ਸਿੰਘ ਬੱਲ, ਸ. ਸੁਖਦੇਵ ਸਿੰਘ ਸੰਧੂ, ਸ. ਗੁਰਚਰਨ ਸਿੰਘ ਧਾਲੀਵਾਲ, (ਠਾਕੁਰ) ਉਦੇ ਸਿੰਘ ਜੀ, ਸ. ਰਸ਼ਪਾਲ ਸਿੰਘ ਜਨਰਲ ਸਕੱਤਰ, ਸ. ਬਲਵਿੰਦਰ ਸਿੰਘ ਮੁਕਤਾ ਮਾਸਟਰ ਗੋਬਿੰਦ ਸਿੰਘ ਅਤੇ ਅਪਾਰ ਜਨ ਸਮੂਹ।



ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਦਾ ਸਟਾਫ ਅਤੇ ਪ੍ਰਿੰਸੀਪਲ ਨਰਿੰਦਰਪਾਲ ਸਿੰਘ ਸੈਣੀ, (ਠਾਕਰ) ਉਦੇ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ। ਨਾਲ ਖੜੇ ਹਨ। ਸ. ਗੁਰਚਰਨ ਸਿੰਘ ਧਾਲੀਵਾਲ ਅਤੇ ਸ. ਰਸ਼ਪਾਲ ਸਿੰਘ ਜਨਰਲ ਸਕੱਤਰ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289
Namdhari Elibrary NamdhariElibrary@gmail.com